ਨਿਰਾਸ਼ ਨਾ ਹੋ ਜ਼ਿੰਦਗੀ ਮੈਂ ਨਾਲ ਹਾਂ ਤੇਰੇ...
ਜਿਵੇਂ ਤੂੰ ਚੱਲੇਂਗੀ ਮੈਂ ਵੀ ਉਵੇਂ ਹੀ ਚੱਲਾਂਗੀ..
ਮੈ ਡੋਲਦੀ ਨਹੀਂ ਡਰਦੀ ਨਹੀਂ...
ਤੂੰ ਵੀ ਮੇਰੇ ਵਾਂਗੂ ਦਲੇਰ ਬਣ ਜਾ.....

# ਆਸ.... ਅਜੇ ਬਾਕੀ ਹੈ

www.PunjabiLibrary.com

ਗੁਰਪ੍ਰੀਤ ਕੌਰ

ਕੁਝ ਸ਼ਬਦ ਮੇਰੇ ਵੱਲੋਂ ਤੁਹਾਡੇ ਸਭ ਲਈ...

ਤੁਸੀਂ ਮੇਰੀ ਕਿਤਾਬ ਪੜ੍ਹ ਰਹੇ ਹੋ ਬਹੁਤ ਧੰਨਵਾਦ.. ਤੇ ਅਪਣੇ ਸੁਝਾਅ ਜ਼ਰੂਰ ਦੇਣਾ gurk3090@gmail.com

ਪਹਿਲੀਆਂ ਕਿਤਾਬਾਂ ਲਈ ਵੀ ਸੁਝਾਅ ਤੇ ਵਧਾਈ ਵੀ ਮਿਲੀ ਤੁਸੀਂ ਬਹੁਤ ਮਾਣ ਦਿੱਤਾ ਇਸ ਕਿਤਾਬ ਲਈ ਵੀ ਜ਼ਰੂਰ ਸੁਝਾਅ ਤੇ ਹੌਸਲਾ ਅਫਜਾਈ ਜ਼ਰੂਰ ਦੇਣਾ... ਸਭ ਦੀ ਸੋਚ ਇਕੋ ਜਹੀ ਨਹੀਂ ਮੈ ਉਹੀ ਲਿਖ ਰਹੀ ਹਾਂ ਜੋ ਮੈਂਨੂੰ ਸਹੀ ਲੱਗਿਆ... ਜੇ ਕਿਸੇ ਨੂੰ ਬੁਰਾ ਲੱਗੇ ਤਾਂ ਮਾਫ਼ ਕਰਨਾ... ਤੇ ਜੋ ਕਿਸੇ ਅੱਖਰ ਵਿਚ ਗਲਤੀ ਲੱਗੇ ਤਾਂ ਵੀ ਮਾਫੀ... ਬਾਕੀ ਜਜ਼ਬਾਤ ਸਮਝਣ ਵਾਲੇ ਅੱਖਰ ਦੀ ਵਾਧ ਘਾਟ ਨਹੀਂ ਵੇਖਦੇ ਹੁੰਦੇ.... ਧੰਨਵਾਦ... ਬਾਕੀ ਇਕ ਗੱਲ ਜ਼ਰੂਰ ਕਹਾਂਗੀ ਸੁੱਖ ਦੇ ਸਮੇਂ ਦਾ ਕਦੇ ਹੰਕਾਰ ਨਾ ਕਰੋ ਦੁੱਖ ਇਕ ਪਲ ਵਿਚ ਤੂਫਾਨ ਵਾਂਗੂ ਸਭ ਹੂੰਝ ਕੇ ਲੈ ਜਾਂਦਾ ਪਤਾ ਵੀ ਨੀ ਲੱਗਦਾ.... ਇਨਸਾਨ ਨੂੰ ਇਨਸਾਨ ਸਮਝੋ ਇਕ ਦੂਜੇ ਦਾ ਸਾਥ ਦਿਉ ਤਾਂ ਜੋ ਦੁਨੀਆਂ ਤੋਂ ਬੁਰਾਈ ਖ਼ਤਮ ਹੋਵੇ ਤੇ ਸਕੂਨ ਹੋਵੇ... ਅਪਣੇ ਰੱਬ ਤੇ ਭਰੋਸਾ ਰੱਖੋ ਧਰਮ ਵਿਚ ਯਕੀਨ ਰੱਖੋ ਧਰਮ ਦੇ ਸੱਚੇ ਰਾਹ ਤੇ ਚੱਲੋ ਦਿਖਾਵਾ ਛੱਡ ਕੇ...ਕਿਸੇ ਦੀ ਕਿਸੇ ਕਮੀ ਦਾ ਫਾਇਦਾ ਨਾ ਉਠਾਓ ਸਗੋ ਸਾਥ ਦਿਉ...ਜੇ ਸਾਥ ਦਿੰਦੇ ਹੋ ਅਪਣੀ ਪ੍ਰਸੰਸ਼ਾ ਦੀ ਆਸ ਨਾ ਕਰੋ.. ਅਗਲੇ ਨੂੰ ਅਪਣੇ ਅਧੀਨ ਨਾ ਸਮਝੋ... ਸਾਥ ਦੇਣਾ ਦਿਲ ਤੋ ਦੇਵੋ ਨਿਰਸਵਾਰਥ ਹੋ ਕੇ....

.......................................................................

## 1.ਕਰਮਾ ( ਕੀ ਹੋਇਆ ਤੇਰੇ ਕਦਮਾਂ ਨੂੰ)

ਕਰਮਾ ਹਨੇਰੀ ਕੋਠੜੀ ਵਿਚ ਬੈਠਾ ਅਪਣੇ ਆਉਣ ਵਾਲੇ ਸਮੇਂ ਵਾਰੇ ਸੋਚ ਰਿਹਾ ਸੀ...

ਉਸਨੇ ਅਪਣੀ ਅਪਣੀ ਦਸਵੀਂ ਦੀ ਪੜਾਈ ਜਿਵੇਂ ਤਿਵੇਂ ਕਰਕੇ ਖਤਮ ਕੀਤੀ ਸੀ ਤੇ ਅੱਗੇ ਕਾਲਜ ਜਾਣਾ ਚਾਹੁੰਦਾ ਸੀ ਪਰ ਘਰ ਦੇ ਹਾਲਾਤ ਇਸ ਵਾਰੇ ਸੋਚਣ ਲਈ ਵੀ ਇਜ਼ਾਜਤ ਨਹੀਂ ਦੇ ਰਹੇ ਸੀ ਪਰ ਭਵਿੱਖ ਵਾਰੇ ਸੋਚ ਕੇ ਵੀ ਡਰ ਲੱਗ ਰਿਹਾ ਸੀ ਉਹੀ ਮਜ਼ਦੂਰੀ ਜਿਸ ਨੂੰ ਕਰਦਾ ਉਸਦਾ ਪਿਓ ਬਜ਼ੁਰਗ ਹੋ ਰਿਹਾ ਸੀ ਤੇ ਘਰ ਦੀ ਹਾਲਤ ਜਿਸ ਤਰਾਂ ਦੀ ਸੀ ਸ਼ਾਇਦ ਉਸ ਤੋਂ ਬੁਰੀ ਹੋਣ ਜਾ ਰਹੀ ਸੀ ਇਹ ਸਭ ਸੋਚ ਕੇ ਉਹ ਡਰ ਰਿਹਾ ਸੀ ਪਰ ਉਹ ਕੀ ਕਰ ਸਕਦਾ ਸੀ ਕੁਝ ਵੀ ਸਮਝ ਨਹੀਂ ਆ ਰਿਹਾ ਸੀ..

ਹਨੇਰੀ ਕੋਠੜੀ ਵਿਚ ਬੈਠਾ ਉਸਨੂੰ ਅਪਣੇ ਭਵਿੱਖ ਵਿੱਚ ਵੀ ਹਨੇਰਾ ਹੀ ਦਿਸ ਰਿਹਾ ਸੀ.... ਹਾਲਾਤ ਦੇ ਚੱਕਰ ਵਿਚ ਫਸਿਆ ਕਰਮਾ ਹਨੇਰੇ ਵਿਚ ਗਵਾਚਿਆ ਕਿਤੋਂ ਆਸ ਦੀ ਕਿਰਨ ਲੱਭ ਰਿਹਾ ਸੀ ਸੋਚ ਰਿਹਾ ਸੀ ਇਕ ਵਾਰ ਦਾਖਲਾ ਹੋ ਜਾਵੇ ਅੱਗੇ ਦੀ ਫੀਸ ਲਈ ਪੜਾਈ ਦੇ ਨਾਲ ਨਾਲ ਕੋਈ ਕੰਮ ਲੱਭ ਲਵੇਗਾ... ਪਰ ਕੀ ਕਰੇ....

ਇੱਕ ਪਲ ਖੜਾਕ ਹੋਇਆ ਕੋਠੜੀ ਦਾ ਦਰਵਾਜ਼ਾ ਖੁੱਲਿਆ ਹਨੇਰੇ ਕਮਰੇ ਵਿਚ ਰੌਸ਼ਨੀ ਆਈ ਤੇ ਧੁੰਦਲੀਆਂ ਅੱਖਾਂ ਨਾਲ ਕਰਮੇ ਨੇ ਵੇਖਿਆ ਉਸਦੀ ਮਾਂ ਅੰਦਰ ਆ ਰਹੀ ਹੈ.... ਉਹ ਬੋਲੀ

ਕਿਉ ਡੋਲ ਰਿਹਾ ਹੈਂ.. ਕਿਉ ਹੌਲ ਰਿਹਾ ਹੈਂ ....
ਕੀ ਹੋਇਆ ਤੇਰੇ ਕਦਮਾਂ ਨੂੰ....
ਮੰਨਿਆ ਕਿ ਡਿੱਗ ਗਿਆ ਹੈ
ਪਰ ਕੋਸ਼ਿਸ਼ ਕਰ

ਵੇਖ ਫਿਰ ਤੋਂ ਉੱਠ ਜਾਏਗਾ...
ਘਬਰਾਉਂਦਾ ਕਿਉ ਹੈਂ
ਕੀ ਹੋਇਆ ਤੇਰੇ ਕਦਮਾਂ ਨੂੰ...
ਇਨਸਾਨ ਬਣ ਨਾ ਨਾਦਾਨ ਬਣ
ਜੇ ਰਾਤ ਹੋਈ ਹੈ.... ਫੇਰ ਕੀ ਹੋਇਆ...
ਹਿਮੰਤ ਦਾ ਸੂਰਜ ਜ਼ਰੂਰ ਉਗੇਗਾ....
ਕੋਸ਼ਿਸ਼ ਕਰ ਰੋਕ ਨਾ ਤੇਰੇ ਕਦਮਾਂ ਨੂੰ
ਕਿਉ ਡੋਲ ਰਿਹਾ ਹੈਂ.. ਕਿਉ ਹੌਲ ਰਿਹਾ ਹੈਂ ....
ਕੀ ਹੋਇਆ ਤੇਰੇ ਕਦਮਾਂ ਨੂੰ....

ਉਹ ਫੇਰ ਬੋਲੀ ਮੇਰਾ ਕਰਮਾ ਹੈਂ ਤੂੰ... ਤੂੰ ਕਿਵੇਂ ਹਾਰ ਸਕਦਾ ਹੈਂ ਤੂੰ ਮੇਰਾ ਪੁੱਤ ਹੈ ਜਿਉਣੀ ਦਾ ਪੁੱਤ ਮਤਲਵ ਜ਼ਿੰਦਗੀ ਦਾ ਪੁੱਤ.... ਜ਼ਿੰਦਗੀ ਦਾ ਪੁੱਤ ਉਹੀ ਹੋ ਸਕਦਾ ਹੈ ਜੋ ਸਾਰੇ ਇਮਤਿਹਾਨ ਪਾਸ ਕਰਕੇ ਜ਼ਿੰਦਗੀ ਜੀਓ ਕੇ ਵਿਖਾਏ....ਜੇ ਤੂੰ ਹਾਰ ਗਿਆ ਸਮਝੀ ਤੂੰ ਮੇਰਾ ਪੁੱਤ ਨਹੀਂ.... ਤੇਰਾ ਤੇ ਨਾਮ ਵੀ ਕਰਮਾ ਹੈ ਉੱਠ ਕਰਮ ਕਰ... ਚੱਲ ਉੱਠ ਪੁੱਤ ਅਪਣਾ ਰਾਹ ਖੁਦ ਬਣਾ... ਹਿਮੰਤ ਕਰ... ਹੌਸਲਾ ਰੱਖ... ਹਨੇਰੇ ਵਿਚ ਬੈਠ ਕੇ... ਕੁਝ ਨਹੀਂ ਹੋਣਾ... ਜੇ ਕੁਝ ਕਰਨਾ ਤਾਂ ਉੱਠ ਖਲੋ ਜਾ... ਰੌਸ਼ਨੀ ਖੁਦ ਕੋਲ ਨਹੀਂ ਆਵੇਗੀ..
ਰੌਸ਼ਨੀ ਵੱਲ ਜਾਣਾ ਪਵੇਗਾ... ਚੱਲ ਉੱਠ ਖਲੋ....
ਕਰਮਾ ਤ੍ਰਿਭਕ ਕੇ ਉਠਿਆ ਬੇਬੇ ਤੂੰ ਕਿਵੇਂ ਉਹ ਰੌਸ਼ਨੀ ਵੱਲ ਭੱਜਿਆ... ਦਰਵਾਜ਼ੇ ਦੀ ਡਿਉਢੀ ਤੇ ਠੁੱਡ ਖਾ ਕੇ ਡਿੱਗ ਗਿਆ....

ਬੇਬੇ ਨਹੀਂ ਮਿਲੀ... ਮਿਲ ਨਹੀਂ ਸਕਦੀ ਸੀ... ਰੱਬ ਘਰ ਜਾ ਕੇ ਕੋਈ ਨਹੀਂ ਮੁੜਦਾ...ਪਰ ਉਹ ਆਈ ਸੀ ਉਮੀਦ ਦੇ ਕੇ ਮੁੜ ਗਈ.। ਹਨੇਰੇ ਵਿਚ ਚਾਨਣ ਵਿਖਾ ਗਈ...

ਉਸ ਦਿਨ ਤੋਂ ਬਾਅਦ ਕਰਮਾ ਕਦੇ ਹਨੇਰੇ ਵਿਚ ਨਹੀਂ ਰਿਹਾ ਉਸਦੀ ਜ਼ਿੰਦਗੀ ਵਿੱਚ ਹਿਮੰਤ ਦਾ ਸੂਰਜ ਉੱਗਿਆ ... ਤੇ ਉਸਦੀ ਮਿਹਨਤ ਤਰੱਕੀ ਦੀ ਕਿਰਨ ਬਣ ਗਈ ਤੇ ਆਲੇ ਦੁਆਲੇ ਸਦਾ ਲਈ ਪ੍ਰਭਾਤ ਹੋ ਗਈ।

..........................................................................

ਅੱਜ ਹਰ ਇਨਸਾਨ ਫਕੀਰ ਸਮਝੋ ਹਰ ਕੋਈ ਕਿਸੇ ਨਾ ਕਿਸੇ ਤੜਫ ਵਿਚ ਕਿਸੇ ਨਾ ਕਿਸੇ ਅੱਗੇ ਫਕੀਰ ਬਣਿਆ ਹੋਇਆ ਹੈ ਕੋਈ ਖੁਦ ਲਈ ਤੇ ਕੋਈ ਕਿਸੇ ਲਈ... ਪਰ ਅਸਲ ਸੱਚਾਈ ਤੋ ਸਭ ਪਰੇ ਨੇ ਕੋਈ ਨਹੀਂ ਸਮਝਦਾ....

ਕਹਾਣੀ ਇਕ ਐਹੋ ਜਹੇ ਫਕੀਰ ਬੰਦੇ ਦੀ...

## 2. ਗੁਰਨਾਮ ਫਕੀਰ (ਦਿਲ ਨੂੰ ਪੜ੍ਹਨੇ ਪਾ ਫਕੀਰਾ)

ਗੁਰਨਾਮ ਸਿੰਘ ਤੇ ਹਰਨਾਮ ਦੋ ਭਰਾ 100 ਕਿੱਲਿਆਂ ਦੇ ਮਾਲਕ, ਗਾਡਰ ਵਾਲੀ ਸੀਮਿੰਟ ਦੀ ਛੱਤ ਵਾਲਾ ਘਰ..ਇਹਨਾਂ ਤੋ ਇਲਾਵਾ ਪੂਰੇ ਪਿੰਡ ਵਿਚ ਕਿਸੇ ਦਾ ਨਹੀਂ.. ਆਉਂਦਾ ਜਾਂਦਾ ਹਰ ਛੋਟਾ ਵੱਡਾ ਇੱਜ਼ਤ ਕਰਦਾ ਹੈ.. ਗੁਰਨਾਮ ਹੋਣਾ ਦੇ ਪਰਿਵਾਰ ਦੀ ਪਿੰਡ ਵਿਚ ਪੂਰੀ ਇੱਜ਼ਤ ਹੈ, ਗੁਰਨਾਮ ਵੱਡਾ ਤੇ ਹਰਨਾਮ ਛੋਟਾ ਭਰਾ ਹੈ..ਘਰ ਵਿਚ ਮਾਂ ਹੈ ਪਿਉ ਛੋਟੀ ਉਮਰੇ ਸਵਰਗਵਾਸੀ ਹੋ ਗਿਆ ਸੀ .. ਘਰ ਪਰਿਵਾਰ ਦੀ ਸਾਰੀ ਜ਼ਿੰਮੇਵਾਰੀ ਦੋਵਾਂ ਭਰਾ ਇਕਠੇ ਰਲ ਕੇ ਨਿਭਾ ਰਹੇ ਨੇ ਵੱਡੀ ਭੈਣ ਦਾ ਵਿਆਹ ਬਾਪੂ ਜੀ ਜਿਉਂਦੇ ਹੀ ਕਰ ਗਏ ਸੀ ਕੁੜੀ ਵੀ ਸੋਹਣੇ ਘਰ ਪਰਿਵਾਰ ਵਿਚ ਵਿਆਹੀ ਹੋਈ ਹੈ...ਬਸ ਜਵਾਈ ਥੋੜ੍ਹਾ ਅਜੀਬ ਜਹੇ ਸੁਭਾਅ ਦਾ

ਹੈ ਜਿਸ ਕਰਕੇ ਗੁਰਨਾਮ ਦੇ ਟੱਬਰ ਨੂੰ ਉਸ ਤੋ ਥੋੜ੍ਹਾ ਡਰ ਵੀ ਲੱਗਦਾ ਹੈ ਕਿ ਕਿਤੇ ਬੁਰਾ ਨਾ ਮਨਾ ਜਾਵੇ ਇਸੇ ਚੱਕਰ ਵਿਚ ਗੁਰਨਾਮ ਤੋ ਪਹਿਲਾਂ ਹਰਨਾਮ ਦਾ ਵਿਆਹ ਕਰ ਦਿੱਤਾ ਗਿਆ ਕਿਉ ਕਿ ਰਿਸ਼ਤਾ ਜਵਾਈ ਨੇ ਕਰਵਾਇਆ ਸੀ ਉਹ ਵੀ ਅਪਣੇ ਕਿਸੇ ਕਰੀਬੀ ਰਿਸ਼ਤੇਦਾਰ ਦੀ ਕੁੜੀ ਦਾ ਜਿਸ ਦਾ ਕਿਤੇ ਰਿਸ਼ਤਾ ਨਹੀਂ ਸੀ ਹੁੰਦਾ.. ਕੁੜੀ ਹੱਦੋਂ ਵੱਧ ਕੇ ਚਲਾਕ ਸੀ ਜਿਸ ਨੇ ਘਰ ਆਉਂਦੇ ਹੀ ਗੁਰਨਾਮ ਤੇ ਹਰਨਾਮ ਵਿਚ ਫਰਕ ਪਵਾਉਣਾ ਸ਼ੁਰੂ ਕਰ ਦਿੱਤਾ ਤੇ ਕਾਮਯਾਬ ਵੀ ਹੋ ਗਈ ਹੌਲੇ-ਹੌਲੇ ਹਰਨਾਮ ਵੱਡੇ ਭਰਾ ਤੋ ਖਾਰ ਖਾਣ ਲੱਗਾ... ਤੇ ਰਿਸ਼ਤਿਆਂ ਵਿੱਚ ਪੈਂਦੀ ਦਰਾਰ ਮਾਂ ਤੋਂ ਬਰਦਾਸਤ ਨਾ ਹੋਈ ਤੇ ਮੰਜੇ ਤੇ ਪੈ ਗਈ ਤੇ ਘਰ ਦਾ ਫਿਕਰ ਉਹਨੂੰ ਮੰਜੇ ਤੋਂ ਵੀ ਸਮਸ਼ਾਨ ਤੱਕ ਲੈ ਗਿਆ... ਗੁਰਨਾਮ ਇਕੱਲਾ ਰਹਿ ਗਿਆ... ਭਰਾ ਹਰਨਾਮ ਜਿਨਾਂ ਵੀ ਬੁਰਾ ਸਲੂਕ ਕਰੇ ਉਹ ਰਿਸ਼ਤੇ ਦੇ ਲਿਹਾਜ ਤੋ ਕਦੇ ਵੀ ਮੋੜ ਕੇ ਬੁਰਾ ਨਾ ਬੋਲਦਾ ਤੇ ਮਾਂ ਨੂੰ ਯਾਦ ਕਰਕੇ ਦੁਖੀ ਹੁੰਦਾ... ਉਹਨਾਂ ਦਿਨਾਂ ਨੂੰ ਯਾਦ ਕਰਦਾ ਜਦੋ ਉਹ ਸਾਰੇ ਇਕ ਦੂਜੇ ਦੀ ਜਾਨ ਹੁੰਦੇ ਸੀ ਤੇ ਅੱਜ ਸਭ ਕੁਝ ਬਦਲ ਚੁੱਕਿਆ ਹੈ ਤੇ ਸ਼ਾਇਦ ਕਦੇ ਪਹਿਲਾਂ ਵਰਗਾ ਨਹੀਂ ਹੋ ਸਕਦਾ...

.ਘਰ ਦਾ ਕੰਮ... ਖੇਤ ਦਾ ਕੰਮ ਸਭ ਉਸ ਦੇ ਜਿੰਮੇ... ਵਿਆਹ ਗੁਰਨਾਮ ਦਾ ਹੋਣ ਨਹੀਂ ਦਿੱਤਾ.. ਉਸਦੇ ਹਿਸੇ ਦੀ ਜ਼ਮੀਨ ਹਰਨਾਮ ਨੇ ਅਪਣੇ ਨਾਮ ਕਰਵਾ ਲਈ ਤੇ ਗੁਰਨਾਮ ਨੂੰ ਸਿਰਫ ਇਕ ਨੌਕਰ ਦੀ ਤਰਾ ਬਣਾ ਦਿੱਤਾ ਜਿਸ ਦੇ ਨਾਂ ਤਨ ਤੇ ਕਪੜੇ ਚੰਗੇ ਨਾ ਖਾਣ ਨੂੰ ਚੰਗਾ... ਕੋਈ ਗਲੀ ਦਾ ਫਕੀਰ ਵੀ ਸ਼ਾਇਦ ਚੰਗੀ ਜ਼ਿੰਦਗੀ ਜਿਉਂਦਾ ਹੋਵੇ ਪਰ ਗੁਰਨਾਮ ਨੂੰ ਵੱਡਾ ਭਰਾ ਹੁੰਦੇ ਵੀ ਕੋਈ ਇੱਜਤ ਕਦਰ ਨਹੀਂ ਮਿਲ ਰਹੀ ਸੀ ਪਰ ਫੇਰ ਵੀ ਗੁਰਨਾਮ ਕਦੇ ਸ਼ਿਕਵਾ ਨਹੀਂ ਸੀ ਕਰਦਾ ਬਸ ਰਿਸ਼ਤੇ ਨਾਤੇ ਨਿਭਾਉਂਦੇ ਹੋਏ ਖੁਦ ਦੀ ਪਰਵਾਹ ਨਾ ਕਰਦਾ ਤੇ ਸਾਰਾ ਦਿਨ ਅਪਣੇ ਛੋਟੇ ਭਰਾ ਦੀ ਖੈਰ ਖਿਦਮਤ ਵਿੱਚ ਲੱਗਾ ਰਹਿੰਦਾ ਕਦੇ ਅਪਣੇ ਵਾਰੇ ਨਾ

ਸੋਚਦਾ.... ਤੇ ਇਕ ਦਿਨ ਸਦਾ ਲਈ ਇਸ ਦੁਨੀਆ ਤੋਂ ਚਲਾ ਗਿਆ ਤੇ ਅਪਣੀ ਸਾਰੀ ਜ਼ਿੰਦਗੀ ਉਹਨਾਂ ਅਪਣਿਆਂ ਤੋ ਲੁਟਾ ਗਿਆ ਜਿਨ੍ਹਾਂ ਨੇ ਕਦੇ ਉਸ ਨੂੰ ਅਪਣਾ ਸਮਝਿਆ ਹੀ ਨਹੀਂ.........

( ਕਿਸੇ ਅਪਣੇ ਲਈ ਜਿਉਣਾ ਬੁਰਾ ਨਹੀਂ ਪਰ ਇਕ ਹੱਦ ਹੁੰਦੀ ਹੈ ਜਿੱਥੇ ਕਦਰ ਨਹੀਂ ਅਪਣਾ ਆਪ ਨਾ ਲੁਟਾਓ ਸਮਝੋ ਕੌਣ ਕੀ ਕਰ ਰਿਹਾ ਹੈ ਜੇ ਕੋਈ ਪਿਆਰ ਕਰਦਾ ਹੈ ਜਾਨ ਵਾਰ ਦਿਉ ਜੇ ਕੋਈ ਵਰਤ ਰਿਹਾ ਹੈ ਤਾਂ ਪਿੱਛੇ ਹਟ ਜਾਓ ਤੇ ਅਪਣੀ ਜ਼ਿੰਦਗੀ ਵਾਰੇ ਸੋਚੋ... ਫਕੀਰ ਬਣੋ ਖੁਦ ਲਈ ਕਿਸੇ ਖਾਸ ਰਿਸ਼ਤੇ ਲਈ ਪਰ ਮਤਲਬ ਖੋਰੇ ਲੋਕਾਂ ਲਈ ਨਹੀਂ)

ਦਿਲ ਨੂੰ ਪੜ੍ਹਨੇ ਪਾ ਫਕੀਰਾ....
ਮੰਗ ਖੈਰ ਖ਼ੁਦਾ ਤੋਂ ਖੁਦ ਦੀ...
ਮੰਗ ਖੈਰ ਖ਼ੁਦਾ ਤੋਂ ਖੁਦ ਦੀ...
ਨਾ ਗੈਰਾਂ ਲਈ ਤਪ ਤਪ ਜਾ ਫਕੀਰਾ...
ਦਿਲ ਨੂੰ ਪੜ੍ਹਨੇ ਪਾ ਫਕੀਰਾ.. ਲੱਭ ਖੁਦ ਦੇ ਅੰਦਰ ਸੱਚੇ ਰੱਬ ਨੂੰ...
ਘਰ.. ਘਰ... ਦਰ... ਦਰ ਰੁਲਦਾ...
ਕੁਝ ਨੀ ਮਿਲਣਾ... ਤਿਆਗ ਦੇ ਸਭ ਤੂੰ..
ਨਾ ਗੈਰਾਂ ਲਈ ਗੈਰਾਂ ਤੋ ਧੱਕੇ ਖਾ ਫਕੀਰਾ...
ਦਿਲ ਨੂੰ ਪੜ੍ਹਨੇ ਪਾ ਫਕੀਰਾ...
ਇਹ ਦੁਨੀਆ ਨਾ ਤੇਰੀ ਨਾ ਮੇਰੀ...
ਚਾਹੇ ਬਣਨਾ ਸਭ ਨੇ.. ਇਕੋ ਖਾਕ ਦੀ ਢੇਰੀ...
ਖੁਦ ਲਈ ਖੁਦ ਨੂੰ ਪਾ ਫਕੀਰਾ...
ਨਾ ਗੈਰਾਂ ਲਈ ਤਪ ਤਪ ਜਾ ਫਕੀਰਾ...
ਦਿਲ ਨੂੰ ਪੜ੍ਹਨੇ ਪਾ ਫਕੀਰਾ...

ਕੋਈ ਵੀ ਇਨਸਾਨ ਬੁਰਾ ਨਹੀਂ ਹੁੰਦਾ....ਅੰਦਰ ਸੋਚ ਬੁਰੀ ਹੋ ਸਕਦੀ ਹੈ ਜਾਂ ਹੋ ਸਕਦਾ ਕੋਈ ਆਦਤ ਜਾ ਮਾਨਸਿਕ ਪ੍ਰੇਸ਼ਾਨੀ ਜਾਂ ਬੀਮਾਰੀ ਕਾਰਨ ਕੁਝ ਲੋਕ ਇਵੇਂ ਦੇ ਹੋ ਜਾਂਦੇ ਨੇ ਜਿਹਨਾਂ ਵਿੱਚ ਸਿਰਫ ਨਕਾਰਾਤਮਕ ਬਿਰਤੀ ਪੈਦਾ ਹੋ ਜਾਂਦੀ ਹੈ ਜਿਸ ਵਜਾਹ ਕਰਕੇ ਉਹਨਾਂ ਨੂੰ ਕੋਈ ਵੀ ਇਨਸਾਨ ਚੰਗਾ ਨਹੀਂ ਲੱਗਦਾ ਜਾਂ ਕੁਝ ਸੀਮਤ ਲੋਕ ਹੁੰਦੇ ਨੇ ਜਿਹਨਾਂ ਤੇ ਉਹ ਯਕੀਨ ਕਰਦੇ ਨੇ ... ਇਹੋ ਜਹੇ ਇਨਸਾਨ ਤੇ ਤਰਸ ਕਰਕੇ ਬੁਰਾ ਨਹੀਂ ਮਨਾਉਂਦੇ ਤੇ ਨਾ ਹੀ ਉਹਨਾਂ ਦੀਆਂ ਗੱਲਾਂ ਵਿਚ ਆਕੇ ਘਰ ਬਰਬਾਦ ਕਰੀਦਾ...ਕੋਸ਼ਿਸ ਕਰੋ ਕਿ ਗੱਲ ਬਾਤ ਕਰਕੇ ਮਾਨਸਿਕ ਪ੍ਰੇਸ਼ਾਨੀ ਦੂਰ ਕਰਨ ਦੀ ਕੋਸ਼ਿਸ਼ ਕੀਤੀ ਜਾਵੇ ਨਾ ਹੀ ਇਹੋ ਜਹੇ ਇਨਸਾਨ ਨਾਲ ਖੁਦ ਬੀਮਾਰ ਹੋਵੋ...

(ਜੇ ਕਿਸੇ ਨੂੰ ਬੁਰਾ ਲੱਗਿਆ ਤਾਂ ਦੋਵੇਂ ਹੱਥ ਜੋੜ ਕੇ ਮਾਫ਼ ਮੰਗਦੀ ਹਾਂ)

..................................................

3 .ਕੰਵਲਜੀਤ

(ਤੂੰ ਨਾਲ ਹੈ ਮੇਰੇ)

ਪਿਆਰ ਮੁਹੱਬਤ ਨੂੰ ਰੱਬ ਦਾ ਰੂਪ ਸਮਝਿਆ ਜਾਵੇ ਤਾਂ ਖੁਦ ਨੂੰ.. ਖੁਦ ਦੀ ਖੁਦਗਰਜੀ ਨੂੰ.. ਤਿਆਗਣਾ ਪਵੇਗਾ... ਮਤਲਬੀ ਹੋਕੇ ਸੱਚਾ ਰੱਬ ਨੀ ਮਿਲਦਾ ਨਾ ਸੱਚੀ ਮੁਹੱਬਤ... ਗੁਲਾਮੀ ਕਰਨੀ ਅਪਣੀ ਮੁਹੱਬਤ ਦੀ ਕਰੋ.. ਮਜ਼ਬੂਰੀ ਮੁਹੱਬਤ ਨੂੰ ਬਣਾਓ.. ਖੁਦਗਰਜੀ ਨੂੰ ਨਹੀਂ... ਰੱਬ ਦਾ ਰੂਪ ਸਮਝਕੇ ਰੂਹ ਤੋ ਕੀਤੀ ਮੁਹੱਬਤ ਲਈ ਖੁਦ ਨੂੰ ਕੁਰਬਾਨ ਕਰ ਦੇਵੋ... ਐਹੋ ਮੁਹੱਬਤ ਹੋਵੇਗੀ.. ਮੁਹੱਬਤ ਕਿਸੇ ਵੀ ਰੂਪ ਵਿੱਚ ਹੋਵੇ ਰੱਬ ਲਈ.. ਮਾਂ ਪਿਉ ਲਈ... ਹਮਸਫਰ ਲਈ ਜਾਂ ਨਾਲ ਜੁੜੇ ਕਿਸੇ ਵੀ ਰਿਸ਼ਤੇ ਲਈ ਪਰ ਦਿਲ ਤੋ ਹੋਵੈ... ਮੁਹੱਬਤ ਕਦੇ ਸਵਾਰਥੀ ਨਹੀਂ ਹੁੰਦੀ... ਇਕ ਕਹਾਣੀ ਮੁਹੱਬਤ ਦੇ ਨਾਂ...

(ਕੰਵਲ ਜੀਤ)

ਕੰਵਲ ਤੇ ਜੀਤ ਦਾ ਵਿਆਹ ਇਕ ਸਮਝੋਤੇ ਦੀ ਤਰਾਂ ਹੋਇਆ ਸੀ ਵੱਟੇ ਛੱਟੇ ਦਾ ਵਿਆਹ, ਕੰਵਲ ਦੀ ਭੈਣ ਦਾ ਰਿਸ਼ਤਾ ਜੀਤ ਦੇ ਭਾਈ ਨੂੰ ਜਦੋ ਹੋਇਆ ਤੇ ਸ਼ਰਤ ਐਹੋ ਸੀ ਕਿ ਉਹਨਾਂ ਦੀ ਕੁੜੀ ਦਾ ਰਿਸ਼ਤਾ ਕੰਵਲ ਨਾਲ ਕੀਤਾ ਜਾਵੇ ਤਾਂ ਹੀ ਰਿਸ਼ਤਾ ਮਨਜੂਰ ਹੋਏਗਾ... ਗੱਲ ਪੱਕੀ ਹੋ ਗਈ.. ਕੰਵਲ ਦੀ ਭੈਣ ਸੋਹਰੇ ਚਲੀ ਗਈ ਤੇ ਜੀਤ ਕੰਵਲ ਨਾਲ ਵਿਆਹ ਕੇ ਘਰ ਆ ਗਈ... ਕੁੜੀ ਦੇ ਰਿਸਤੇ ਦੀ ਮਜ਼ਬੂਰੀ ਕਰਕੇ ਕਿਸੇ ਨੇ ਜੀਤ ਨੂੰ ਵੇਖਿਆ ਤੱਕ ਨਾ ਬਸ ਵਿਆਹ ਕਰ ਦਿੱਤਾ ਗਿਆ ਜੀਤ ਰੰਗ ਰੂਪ ਤੋ ਇਨੀਂ ਸੋਹਣੀ ਨਹੀਂ ਸੀ ਪਰ ਸੀਰਤ ਦੀ ਬਹੁਤ ਚੰਗੀ ਸੀ, ਪਰ ਸਮਾਂ ਇਹੋ ਜਿਹਾ ਚੱਲ ਰਿਹਾ ਚੰਗੇ ਨਹੀਂ ਚਲਾਕ ਲੋਕਾਂ ਦੀ ਕਦਰ ਪੈਂਦੀ ਆ ਅੱਜ ਕੱਲ,ਇਹੀ ਕੁਝ ਜੀਤ ਨਾਲ ਉਹਦੇ ਸੋਹਰੇ ਘਰ ਹੋ ਰਿਹਾ ਸੀ ਤੇ ਕੰਵਲ ਵੀ ਸਭ ਕੁੱਝ ਚੁੱਪ ਚਾਪ ਬਰਦਾਸਤ ਕਰ ਰਿਹਾ ਸੀ ਤੇ ਜੀਤ ਨੂੰ ਵੀ ਰਿਸ਼ਤਿਆਂ ਦਾ ਵਾਸਤਾ ਦੇ ਕੇ ਚੁੱਪ ਚਾਪ ਸਭ ਵੇਖੀ ਜਾਣ ਲਈ ਕਿਹ ਰਿਹਾ ਸੀ ਜੋ ਮਾਨਸਿਕ ਪ੍ਰੇਸ਼ਾਨੀ ਜੀਤ ਨੂੰ ਬਰਦਾਸਤ ਕਰਨੀ ਪੈਂਦੀ ਸੀ ਸਾਇਦ ਕੰਵਲ ਨੂੰ ਉਸਦਾ ਅੰਦਾਜ਼ਾ ਵੀ ਨਹੀਂ ਸੀ ਪਰ ਜੀਤ ਸਿਰਫ ਤੇ ਸਿਰਫ ਕੰਵਲ ਦੇ ਪਿਆਰ ਕਰਕੇ ਸਭ ਰਿਸ਼ਤੇ ਨਿਭਾ ਰਹੀ ਸੀ ਤੇ ਕੰਵਲ ਦੇ ਅਪਣੇ ਪਰਿਵਾਰ ਲਈ ਪਿਆਰ ਤੇ ਰਿਸ਼ਤਿਆਂ ਦੀ ਮਜ਼ਬੂਰੀ ਨੂੰ ਸਮਝਦੇ ਹੋਏ ਖੁਦ ਦੇ ਵਜੂਦ ਦਾ ਤਿਆਗ ਦੇਣ ਲਈ ਵੀ ਤਿਆਰ ਸੀ, ਉਹ ਕੰਵਲ ਲਈ ਸਭ ਸਹਿ ਰਹੀ ਸੀ ਤੇ ਕੰਵਲ ਅਪਣੇ ਪਰਿਵਾਰ ਲਈ ਪਿਆਰ ਨੂੰ ਮਜ਼ਬੂਰੀ ਬਣਾ ਬੈਠਾ ਸੀ ਤੇ ਬੇਬੱਸ ਸੀ ਤੇ ਜੀਤ ਨੂੰ ਹਿਮੰਤ ਤੋ ਇਲਾਵਾ ਕੁਝ ਨਹੀਂ ਦੇ ਸਕਦਾ ਸੀ ਤੇ ਜੀਤ ਕੰਵਲ ਦੇ ਪਿਆਰ ਦੇ ਸਹਾਰੇ ਹੀ ਜ਼ਿੰਦਗੀ ਜਿਉਣ ਦੀ ਕੋਸ਼ਿਸ ਕਰ ਰਹੀ ਸੀ।

ਕੰਵਲ ਨੇ ਅਪਣੇ ਰਿਸ਼ਤੇ ਮਜ਼ਬੂਰੀ ਬਣਾ ਰੱਖੇ ਸੀ ਤੇ ਜੀਤ ਨੇ ਕੰਵਲ ਲਈ ਅਪਣਾ ਪਿਆਰ.........

ਤੂੰ ਨਾਲ ਹੈ ਮੇਰੇ

ਤੂੰ ਨਾਲ ਹੈ ਮੇਰੇ

ਮੈ ਪੂਰੀ ਹਾਂ....

ਤੇਰੇ ਬਿਨ ਮੈਂ

ਅਧੂਰੀ ਹਾਂ...

ਮੁਹੱਬਤ ਦਿਲ ਤੋ ਕੀਤੀ...

ਇਸ ਗੱਲ ਦੀ ਮਗਰੂਰੀ ਨਾ...

ਕੋਈ ਗੱਲ ਨਹੀਂ ਜੇ ਹਰ ਵਾਰ ਮੈਂ ਹੀ ਹਾਰ ਜਾਵਾਂ..

ਤੇਰਾ ਝੁਕ ਜਾਣਾ ਵੀ ਜ਼ਰੂਰੀ ਨਾ

ਤੈਨੂੰ ਤੇ ਲੱਖ ਬੰਦਿਸ਼ਾਂ...

ਮੇਰੀ ਤਾਂ ਤੇਰੇ ਬਿਨ ਕੋਈ ਮਜ਼ਬੂਰੀ ਨਾ...

ਤੂੰ ਨਾਲ ਹੈ ਮੇਰੇ ਮੈ ਪੂਰੀ ਹਾਂ...

.......................

੫.ਪਰ... ਹਾਲ ਤੇ ਕੋਈ ਨਾ....

ਜਿਥੇ ਗਿਲੇ ਸ਼ਿਕਵੇ ਨਾ ਹੋਣ ਉਹ ਮੁਹੱਬਤ ਕਾਹਦੀ... ਕਦੇ ਕਦੇ ਨਾਰਾਜ਼ਗੀ ਵੀ ਜਾਇਜ਼ ਹੈ......ਜੀਤ ਕੰਵਲ ਲਈ ਅਪਣੇ ਵਜੂਦ ਨੂੰ ਨਹੀਂ ਬਚਾ ਸਕੀ ਕੋਈ ਰਿਸ਼ਤਾ ਉਸ ਦਾ ਸਾਥ ਨਹੀਂ ਦਿੰਦਾ ਕੰਵਲ ਦੇ ਪਿਆਰ ਕਰਕੇ ਉਹ ਫਿਰ ਵੀ ਸਭ ਨਿਭਾ ਰਹੀ ਹੈ ਪਰ ਮਾਨਸਿਕ ਤੌਰ ਤੇ ਉਸਦਾ ਕੋਈ ਹਾਲ ਨਹੀਂ...

ਪਰ... ਹਾਲ ਤੇ ਕੋਈ ਨਾ....

ਹੱਥੀਂ ਦੇ ਕੇ ਜ਼ਹਿਰ ਪਿਆਲੇ..

ਹੁਣ ਹਾਲ ਪੁੱਛਦੇ ਹੋ....
ਅਪਣਿਆਂ ਹੱਥੋਂ ਮਰ ਕੇ ਜ਼ਿੰਦਾ ਹਾਂ ...
ਪਰ..... ਹਾਲ ਤੇ ਕੋਈ ਨਾ....

ਅਪਣੇ ਸੀ.. ਅਪਣੇ ਸਮਝੇ ਸੀ....
ਜੇ ਉਹਨਾਂ ਲਈ ਅਸੀਂ ਬੇਗਾਨੇ ਸੀ...
ਫੇਰ ਵੀ ਜੀ ਰਹੇ ਹਾਂ ਉਹਨਾਂ ਲਈ...
ਪਰ... ਹਾਲ ਤੇ ਕੋਈ ਨਾ.......

ਕੋਈ ਗੱਲ ਨੀ...
ਤੁਸੀਂ ਮੇਰੇ ਰੱਬ ਹੋ... ਹੱਕ ਰੱਖਦੇ ਹੋ...
ਮਾਰਨ ਦਾ.... ਜਾਂ... ਬਖਸ਼ਣ ਦਾ....
ਤੇਰੇ ਕੁਰਬਾਨ ਹਾਂ...
ਪਰ ਹਾਲ ਤੇ ਕੋਈ ਨਾ.....

ਤੂੰ ਹੀ ਸੀ ਜਿਸਦਾ ਹੱਥ ਫੜ ਤੁਰੇ ਸੀ...
ਤੇਰਾ ਹੀ ਸਹਾਰਾ ਸੀ..
ਇਕੱਲੇ ਸੀ... ਨਾਲ ਤੇ ਕੋਈ ਨਾ...
ਮੰਨਿਆ ਕਿ... ਨਾਲ ਹਾਂ ਇੱਕ ਦੂਜੇ ਦੇ...
ਸਭ ਸਮਝਦੇ ਹਾਂ..
ਏਸੇ ਲਈ ਨਿਭਾ ਰਹੇ ਹਾਂ...
ਪਰ ਹਾਲ ਤੇ ਕੋਈ ਨਾ....

ਬੜੀ ਸ਼ਿੱਦਤ ਨਾਲ ਨਿਭਾਅ ਰਹੇ ਹਾਂ
ਬੋਲੇ ਬੋਲ ਪੁਗਾਅ ਰਹੇ ਹਾਂ ..
ਤੂੰ ਭੁੱਲ ਜਾਂਦਾ ਏ...
ਕਦੇ ਕਦੇ ਤਾਂ ਸਹਿ ਲੈਂਦੇ ਹਾਂ...
ਪਰ.... ਹਰ ਵਾਰ ਤੇ ਕੋਈ ਨਾ...
ਮੁਹੱਬਤ ਕੀਤੀ ਹੈ ...
ਹਾਂ ਰੂਹ ਤੋ ਕੀਤੀ ਹੈ
ਇਨਕਾਰ ਤੇ ਕੋਈ ਨਾ...
ਇੱਕ ਸੋਹਣੀ ਸੱਚਾਈ ਹੈ
ਇਹ ਜੰਜਾਲ ਤੇ ਕੋਈ ਨਾ...
ਤੇਰੇ ਲਈ ਜੀ ਰਹੇ ਹਾਂ... ਤੇਰੇ ਲਈ ਨਿਭਾਅ ਰਹੇ ਹਾਂ
ਚਾਹੇ ਖੁਦ ਨੂੰ ਤੜਫਾ ਰਹੇ ਹਾਂ...
ਪਰ.... ਹਾਲ ਤੇ ਕੋਈ ਨਾ....
ਤੂੰ ਅਪਣੇ ਰਿਸ਼ਤੇ ਨਿਭਾਅ
ਅਸੀਂ ਤੇਰੇ ਨਾਲ ਮੁਹੱਬਤ ਨਿਭਾਅ ਰਹੇ ਹਾਂ

..................................................................

ਜ਼ਮਾਨਾ ਕੋਈ ਵੀ ਹੋਵੇ... ਸੱਚਾਈ ਨੂੰ ਖਤਮ ਕਰਨ ਦੀ ਕੋਸ਼ਿਸ ਹਮੇਸ਼ਾ ਹੁੰਦੀ ਰਹਿੰਦੀ ਹੈ... ਪਰ ਸਮੇਂ ਸਮੇਂ ਤੇ ਸੱਚ ਦੀ ਜਿੱਤ ਵੀ ਹੁੰਦੀ ਹੈ... ਦੇਰ ਸਵੇਰ ਇਕ ਦਿਨ ਝੂਠ ਦੀ ਹਾਰ ਜ਼ਰੂਰ ਹੁੰਦੀ ਹੈ .. ਝੂਠ ਬੋਲਣ ਵਾਲਾ ਇਨਸਾਨ ਜਿਆਦਾ ਦੇਰ ਝੂਠ ਨਾਲ ਸਮਾਂ ਨਹੀਂ ਕੱਢ ਸਕਦਾ... ਸੱਚ ਹਮੇਸ਼ਾ ਸਾਹਮਣੇ ਜ਼ਰੂਰ ਆਉਂਦਾ ਹੈ...

5.ਸੱਚ ਦਾ ਸੂਰਜ...

ਕੋਈ ਸਬੂਤ ਨਹੀਂ ਕੋਈ ਗਵਾਹ ਨਹੀਂ ਕੋਈ ਰਸਤਾ ਨਹੀਂ ਜਿੰਦਰ ਦੀ ਮੌਤ ਕਿਵੇਂ ਹੋਈ ਕੋਈ ਨਹੀਂ ਜਾਣਦਾ ਸਭ ਸਮਝਦੇ ਨੇ ਮੀਤੋ (ਜਿੰਦਰ ਦੀ ਘਰਵਾਲੀ) ਨੇ ਜਿੰਦਰ ਨੂੰ ਮਰਨ ਲਈ ਮਜ਼ਬੂਰ ਕੀਤਾ ਹੋਣਾ... ਕੋਈ ਗੱਲਾਂ ਕਰਦਾ ਇਹਨਾਂ ਦੀ ਅਣਬਣ ਹੋਈ ਹੋਣੀ ਕੋਈ ਬੋਲਦਾ ਜਿੰਦਰ ਨਸ਼ਾ ਕਰਦਾ ਸੀ ਚੋਰੀ ਚੋਰੀ.... ਕੋਈ ਬੋਲਦਾ ਕਰਜ਼ਾ ਸੀ ਸਿਰ ਕੋਈ ਕੁਝ ਕੋਈ ਕੁਝ... ਪੂਰੇ ਪਿੰਡ ਵਿਚ ਜਿੰਦਰ ਦੀ ਮੌਤ ਤੇ ਚਰਚਾ ਹੋ ਰਹੀ ਸੀ... ਪਰ ਜਿੰਦਰ ਦੇ ਘਰ ਦੇ ਅਸਲੀ ਹਾਲਾਤ ਕੋਈ ਨਹੀਂ ਸੀ ਜਾਣਦਾ.. ਜਿੰਦਰ ਤੇ ਮੀਤੋ ਜਿੰਦ ਜਾਨ ਸੀ ਇਕ ਦੂਜੇ ਦੇ..ਕੋਈ ਵੀ ਕੰਮ ਕੋਈ ਵੀ ਸਲਾਹ ਇਕ ਦੂਜੇ ਤੋਂ ਬਿਨਾਂ ਪੁੱਛੇ ਨਹੀਂ ਸੀ ਕਰਦੇ... ਕਰਜਾ ਵੀ ਕੋਈ ਨਹੀਂ ਸੀ..

ਘਰ ਕਾਰੋਬਾਰ ਸਭ ਚੰਗਾ ਸੀ ਕਿਸਦੀ ਨਜ਼ਰ ਲੱਗੀ ਪਤਾ ਨਾ ਲੱਗਿਆ... ਲੋਕ ਕੁਝ ਦਿਨ ਗੱਲਾਂ ਕਰਕੇ ਚੁੱਪ ਹੋ ਗਏ ਪਰ ਮੀਤੋ ਦੇ ਮਨ ਵਿਚ ਤੜਫਣ ਨਹੀਂ ਮੁੱਕੀ ਉਸ ਨੂੰ ਤਾਂ ਪਤਾ ਹੀ ਨਹੀਂ ਲੱਗਿਆ ਕਿ ਇਹ ਸਭ ਕਿਵੇਂ ਹੋ ਗਿਆ.. ਕਈ ਸਾਲ ਪਹਿਲਾਂ ਜਿੰਦਰ ਦੇ ਭਰਾ ਦੀ ਵੀ ਅਚਾਨਕ ਮੌਤ ਹੋ ਗਈ ਸੀ ਕਿਸੇ ਨੇ ਮਾਰ ਦਿੱਤਾ ਸੀ ਮਾਰਿਆ ਕਿਸਨੇ ਪਤਾ ਨਹੀਂ ਲੱਗਿਆ...

ਇੱਕ ਦਿਨ ਮੀਤੋ ਅਪਣੀ ਵਿਧਵਾ ਦਰਾਣੀ ਦੇ ਘਰ ਗਈ ਦਰਵਾਜ਼ਾ ਖੁੱਲ੍ਹਾ ਸੀ ਅੰਦਰ ਗਈ ਤੇ ਮਹਿਸੂਸ ਹੋਇਆ ਕਿ ਦਰਾਣੀ ਕੁਝ ਬੋਲ ਰਹੀ ਹੈ ਇਕੱਲੀ ਹੀ ਜਦੋ ਵੇਖਿਆ ਕਿ ਉਹ ਜਿੰਦਰ ਦੇ ਭਾਈ ਦੀ ਫੋਟੋ ਅੱਗੇ ਕੁਝ ਬੋਲ ਰਹੀ ਹੈ....
ਦਰਾਣੀ ਦੀ ਆਵਾਜ਼ ਨੇ ਮੀਤੋ ਦਾ ਕਲੇਜਾ ਫਾੜ ਦਿੱਤਾ...

ਉਹ ਬੋਲ ਰਹੀ ਸੀ.... ਵੇਖਿਆ ਤੇਰੇ ਕਾਤਲ ਨੂੰ ਅੱਜ ਚਾਰ ਸਾਲ ਹੋ ਗਏ ਸਜ਼ਾ ਮਿਲੀ ਨੂੰ ਤੈਨੂੰ ਸਕੂਨ ਮਿਲ ਗਿਆ ਹੋਣਾ ਪਤਾ ਨਹੀਂ ਪਰ ਮੈਨੂੰ ਸਕੂਨ ਮਿਲ

ਗਿਆ ਤੈਨੂੰ ਮਾਰ ਕੇ ਜਿੰਦਰ ਆਪ ਕਿਵੇਂ ਜੀ ਸਕਦਾ ਸੀ.. ਮੈ ਜੀਤੋ ਵੀ ਮੇਰੇ ਵਾਂਗ ਰੰਡੀ ਕਰ ਦਿੱਤੀ ਹਾ ਹਾ ਹਾ ਹਾ ਇਕ ਡਰਾਵਨੇ ਹਾਸੇ ਨੇ ਜੀਤੋ ਦੀ ਜਾਨ ਕੱਢ ਦਿੱਤੀ ਤੇ ਉਹ ਉਹ ਨੇ ਪੈਰੀਂ ਵਾਪਿਸ ਘਰ ਨੂੰ ਭੱਜੀ ਜਾ ਰਹੀ ਸੀ....
ਤੇ ਇੰਝ ਲੱਗ ਰਿਹਾ ਸੀ ਅਸਲੋਂ ਅੱਜ ਹੀ ਜਿੰਦਰ ਉਸ ਤੋ ਸਦਾ ਲਈ ਦੂਰ ਹੋ ਗਿਆ ਹੋਵੇ...

ਸਦਾ ਚੜ੍ਹਦਾ ਰਹੇਗਾ...ਉਗਦਾ ਰਹੇਗਾ...
ਲੱਖ ਝੂਠ ਦੇ ਬੱਦਲ... ਝੂਠ ਦੀ ਰਾਤ...
ਲਕੋ ਲਵੇਗੀ ਕੁਝ ਸਮੇਂ ਲਈ...
ਸੱਚ ਦਾ ਸੂਰਜ
ਪਰ ਕਦੇ ਤਾਂ ਜ਼ਰੂਰ ਚੜ੍ਹੇਗਾ
ਸੱਚ ਦਾ ਸੂਰਜ...

ਮੀਤੋ ਦਰਵਾਜ਼ੇ ਵਿਚ ਇਵੇਂ ਬੈਠੀ ਸੀ ਜਿਵੇਂ ਕੋਈ ਜ਼ਿੰਦਾ ਲਾਸ਼ ਹੋਵੇ ਸਾਰਾ ਪਿੰਡ ਬੂਹਿਆ ਵਿਚ ਖੜਾ ਵੇਖ ਰਿਹਾ ਸੀ... ਮੀਤੋ ਦੀ ਦਰਾਣੀ ਨੂੰ ਪੁਲਿਸ ਫੜ ਕੇ ਲਿਜਾ ਰਹੀ ਸੀ ਜਿੰਦਰ ਦੇ ਕਤਲ ਦੇ ਗੁਨਾਹ ਵਿਚ।

.............................................................................

## 6. ਮੇਰਾ ਬੇਰੰਗ ਪੰਜਾਬ

ਕੀ ਲਿਖਾਂ ਪੰਜਾਬ ਦੇ ਲੋਕਾਂ ਲਈ... ਕੀ ਪੰਜਾਬ ਦੇ ਲੋਕਾਂ ਵਿੱਚ ਅਸੂਲ ਹਨ... ਅਣਖ ਹੈ... ਸਿਦਕ ਹੈ... ਕੁੱਝ ਨਹੀਂ ਹੈ ਜੇ ਹੈ ਤਾਂ ਸਿਰਫ ਕਿਸੇ ਵਿਰਲੇ ਵਿਚ...

ਅੱਜ ਤਰੀਕ 10 ਅਪ੍ਰੈਲ 2022 ਹੈ... ਇਸ ਨਵੇਂ ਵਰ੍ਹੇ ਵੀ ਬਹੁਤ ਕੁਝ ਹੋਇਆ ਤੇ ਬੀਤ ਗਏ ਵਰ੍ਹੇ ਵਿੱਚ ਵੀ ਪਰ ਸਭ ਕੁਝ ਤੇ ਠੀਕ ਨਹੀਂ ਹੋਇਆ... ਲੋਕਾਂ ਨੂੰ ਬਦਲਦੇ ਵੇਖਿਆ...ਸਿਆਸਤ ਬਦਲ ਗਈ... ਨੇਤਾ ਬਦਲ ਗਏ... ਪਰ ਪੰਜਾਬ ਦੇ ਲੋਕਾਂ ਦੀ ਸੋਚ ਫੇਰ ਵੀ ਇਕ ਨਹੀਂ ਹੋਈ... ਜਿੰਨੇ ਵੀ ਪੰਜਾਬ ਲਈ ਸੂਰਮੇ ਬਲਿਦਾਨ ਦੇ ਗਏ ਕਿਸੇ ਦੀ ਕੁਰਬਾਨੀ ਦਾ ਕੋਈ ਮੁੱਲ ਨਹੀਂ ਪਿਆ...ਮੀਡੀਆ ਦਾ ਜੁੱਗ ਕੀ ਕਿਸੇ ਨੇ ਅੱਜ ਤੱਕ ਕੁਝ ਵੀ ਸੱਚ ਬੋਲਿਆ.. ਕਿਸੇ ਨੇ ਸੱਚ ਲਈ ਆਵਾਜ਼ ਨਹੀਂ ਉਠਾਈ ਸਭ ਵਿਕਿਆ ਹੋਇਆ...ਕਾਨੂੰਨ ਦੇਸ ਦਾ ਕਨੂੰਨ ਕੌਣ ਮੰਨ ਰਿਹਾ ਹੈ? ਕਾਨੂੰਨ ਦੇ ਰੱਖਵਾਲੇ ਵੀ ਨਹੀਂ... ਕਿਸੇ ਬੇਗੁਨਾਹ ਨੂੰ ਸਜ਼ਾ ਮਿਲਦੀ ਹੈ ਜਾਂ ਗੁਨਾਹਗਾਰ ਆਜ਼ਾਦ ਘੁੰਮਦੇ ਨੇ ਕਿਤੇ ਕੋਈ ਸਜ਼ਾ ਪੂਰੀ ਹੋਣ ਤੋਂ ਵਾਦ ਵੀ ਆਜ਼ਾਦ ਨਹੀਂ ਕੀ ਕਾਨੂੰਨ ਨੇ ਇਹ?

ਕਾਲੀ ਕਲਮ.. ਕਾਲੇ ਪੰਨੇ... ਕਾਲੀਆਂ ਲਿਖਤਾਂ
ਦਿਲ ਦੇ ਕਾਲੇ ਪੱਤਰਕਾਰ
ਮੁੱਲ ਦੇ ਜਜ਼ਬੇ ... ਮੁੱਲ ਹੀ ਵਿਕਦੇ...
ਖਰੀਦ ਲੈਂਦੀ ਸਰਕਾਰ .....
ਦੇਸ਼ ਦੇ ਦੁਸ਼ਮਣ ... ਆਜ਼ਾਦ ਘੁੰਮਦੇ ....
ਆਜ਼ਾਦ ਹੀ ਕਰਦੇ ... ਸ਼ਰੇਆਮ ਅਤਿਆਚਾਰ...
ਜੇਲ੍ਹਾਂ ਦੇ ਵਿੱਚ ਕੈਦ ਹੋ ਗਏ...
ਅਸਲ ਆਜ਼ਾਦੀ ਦੇ ਹੱਕਦਾਰ..
ਨਾ ਉਮਰਕੈਦ , ਨਾ ਫਾਂਸੀ ਮਿਲਦੀ ਨਾ ਹੀ ਆਜ਼ਾਦੀ..
ਦੇਸ ਨੂੰ ਅੱਜ ਤਕ ਕੁਝ ਨਹੀਂ ਮਿਲਿਆ
ਮਿਲੀ ਸਿਰਫ ਬਰਬਾਦੀ...
ਦੇਸ਼ ਦੀ ਜਨਤਾ .... ਜਨਤਾ ਦੇ ਨੇਤਾ..

ਨੇਤਾ ਹੀ ਵੇਚਦੇ ... ਦੇਸ਼ ਦੀ ਜਨਤਾ...

ਇਸ ਤੋਂ ਵੱਧ ਹੋਰ ਕੀ ਹੋਣਾ...

ਨਾ ਕੁਝ ਪਾਉਣਾ... ਨਾ ਹੀ ਖੋਣਾm..

ਸਿਰਫ ਰੋਣਾ ਧੋਣਾ...

ਭੁੱਲ ਕੇ ਵੀ ਇਹ ਨਾ ਸੋਚੀਂ..

ਕਦੇ ਇੰਡੀਆ ਵੀ ਕੈਨੇਡਾ ਵਰਗਾ ਹੋਣਾ ..o ਪ੍ਰਾਪਤੀ ਸੀ ਪਰ ਅੱਜ ਸੁਣਿਆ ਕਿ ਪੰਜਾਬ ਦੇ ਲੋਕ ਸਰਕਾਰੀ ਮੰਡੀ ਛੱਡ ਕੇ ਪ੍ਰਾਈਵੇਟ ਮੰਡੀ ਵਿਚ ਕਣਕ ਵੇਚ ਰਹੇ ਨੇ.... ਉਹ ਲੜਾਈ ਜੋ ਇਕ ਸਾਲ ਤੱਕ ਧਰਨੇ ਦੇ ਰੂਪ ਵਿਚ ਚੱਲੀ ਤੇ ਕਿੰਨੇ ਲੋਕ ਸੰਘਰਸ਼ ਕਰਦੇ ਰਹੇ ਜਾਨਾਂ ਵੀ ਗਵਾਈਆਂ ਜਿੱਤ ਵੀ ਮਿਲੀ... ਕਾਲੇ ਕਾਨੂੰਨ ਰੱਦ ਵੀ ਕਰਵਾ ਲਏ ਪਰ ਹੁਣ ਕਈ ਕਿਸਾਨ ਆਪ ਹੀ ਅਪਣੀ ਅਣਖ ਇੱਜ਼ਤ ਪ੍ਰਾਈਵੇਟ ਮੰਡੀ ਵਿਚ ਵੇਚ ਰਹੇ ਨੇ ਕਮਾਲ ਦੀ ਗੱਲ ਹੈ... ਕੌਣ ਭਰੋਸਾ ਕਰੇਗਾ ਇਹਨਾਂ ਤੇ ਜੇ ਐਹੋ ਹਾਲਾਤ ਰਹੇ.... ਜੋ ਸੱਚ ਲਈ ਤੇ ਇਹਨਾਂ ਦੇ ਹੱਕ ਲਈ ਬੋਲਦਾ ਹੈ ਉਹੀ ਮਰਦਾ ਹੈ ਕਿਉ? ਤੇ ਮਾਰਨ ਵਾਲਾ ਵੀ ਕੋਈ ਬਾਹਰਲਾ ਨਹੀਂ ਹੁੰਦਾ ਉਹ ਵੀ ਆਪਣਿਆਂ ਵਿੱਚੋ ਹੀ ਹੁੰਦਾ ਹੈ... ਅਫਸੋਸ ਦੀ ਗੱਲ ਪੰਜਾਬੀ ਤਾਂ ਕੀ ਅੱਜ ਕੱਲ ਸਿੱਖ ਭਾਈਚਾਰਾ ਵੀ ਇਕ ਨਹੀਂ ਰਿਹਾ..

ਪੁਜਾਰੀ ਪੁਣੇ ਨੇ ਸਿੱਖੀ ਵਿੱਚ ਫੁੱਟ ਪਾ ਦਿੱਤੀ ਤੇ ਧਰਮ ਨੂੰ ਧੰਦਾ ਬਣਾ ਕੇ ਜੇਬਾਂ ਭਰੀਆਂ ਜਾ ਰਹੀਆਂ ਨੇ ਸਿੱਖੀ ਦੇ ਅਸੂਲ ਕੌਣ ਮੰਨ ਰਿਹਾ ਤੇ ਸਿੱਖਾਂ ਰਿਹਾ ਹੈ? ਕੋਈ ਨਹੀਂ... ਜੇ ਕੋਈ ਸਿੱਖਾ ਰਿਹਾ ਹੈ ਤਾਂ ਉਹ ਪੰਥ ਚੋ ਕੱਢ ਦਿੱਤਾ ਜਾਂਦਾ ਹੈ ਅਫਸੋਸ ਦੀ ਗੱਲ। ਨਾ ਧੀਆਂ ਸੁਰੱਖਿਅਤ ਨਾ.. ਧਰਮ ਸੁਰੱਖਿਅਤ... ਨਾ ਨੋਜਵਾਨ ਸੁਰੱਖਿਅਤ... ਨਾ ਕੋਈ ਖੇਡ ਸੁਰੱਖਿਅਤ... ਨਾ ਪੜ੍ਹਾਈ... ਨਾ ਬੋਲੀ ਸੁਰੱਖਿਅਤ... ਰਹਿ ਕੀ ਗਿਆ ਕੁਝ ਵੀ ਸੁਰੱਖਿਅਤ ਨਹੀਂ...ਕਿਉ? ਕਸੂਰਵਾਰ ਕੌਣ? ਜਵਾਬਦੇਹ ਕੌਣ?

ਅਪਣੇ ਮਤਲਵ ਲਈ ਜੋ

ਅਸੂਲ ਵੇਚ ਗਏ...

ਰਿਸਤੇ ਵੇਚ ਗਏ...

ਜਮੀਰ ਵੇਚ ਗਏ....

ਰੂਹ ਮਰ ਗਈ ਉਹਨਾਂ ਦੀ...

ਸਿਰਫ ਸਰੀਰ ਜ਼ਿੰਦਾ ਹੈ....

ਕੌਮ ਲਈ ਜੋ...

ਆਵਾਜ਼ ਉਠਾ ਗਏ..

ਘਰ ਪਰੀਵਾਰ ਲੁਟਾ ਗਏ...

ਸੱਚਾਈ ਦੇ ਰਾਹ ਤੇ ਆ ਗਏ...

ਜਿਉਣ ਦੇ ਜੋ ਅਸਲ ਅਸੂਲ ਸਿੱਖਾ ਗਏ....

ਉਹ ਗੰਦੇ ਸਿਸਟਮ ਦੀ ਭੇਟ ਚੜ੍ਹ ਗਏ....

ਸਰੀਰ ਖ਼ਤਮ ਨੇ.......

ਪਰ ਰੂਹ ਦੀ ਆਵਾਜ਼ ਅੱਜ ਵੀ ਜ਼ਿੰਦਾ ਹੈ...

.............................................................

6. ਰੱਬ ਦੇ ਭਗਤ (ਪਰਦੇ ਦੇ ਵਿਚ ਨਾਮ ਖ਼ੁਦਾ ਦਾ)

ਰੱਬ ਦੇ ਭਗਤ.. ਕੌਣ ਨੇ ਰੱਬ ਦੇ ਅਸਲੀ ਭਗਤ.. ਕੀ ਉਹ ਨੇ ਜੋ ਉੱਚੀ ਉੱਚੀ ਬੋਲ ਕੇ ਜਾਂ ਉੱਚੀ ਆਵਾਜ਼ ਵਿਚ ਰੱਬ ਦਾ ਨਾਮ ਸੁਣ ਕੇ ਜਦੋ ਤੱਕ ਆਲੇ ਦੁਆਲੇ ਪੰਜ ਚਾਰ ਜਣਿਆਂ ਨੂੰ ਪਤਾ ਨਾ ਲੱਗੇ ਕਿ ਕੋਈ ਰੱਬ ਦਾ ਭਗਤ ਰੱਬ ਦਾ ਨਾਮ ਲੈ ਰਿਹਾ ਜਾ ਸੁਣ ਰਿਹਾ ਉਨਾਂ ਸਮਾਂ ਸਕੂਨ ਨਹੀਂ ਲੈਂਦੇ... ਕੀ ਇਹ ਹੁੰਦੇ ਨੇ ਰੱਬ ਦੇ ਭਗਤ...

ਮੈਨੂੰ ਲੱਗਦਾ ਜੋ ਸੱਚੀ ਬੰਦਗੀ ਕਰਦਾ ਉਹ ਇਹ ਸਭ ਨਹੀਂ ਕਰਦਾ ਤੁਸੀਂ ਅਪਣੇ ਆਲੇ ਦੁਆਲੇ ਵੇਖੇ ਹੋਣਗੇ ਜ਼ਰੂਰ ਇਵੇਂ ਦੇ ਵਿਖਾਵੇ ਦੇ ਭਗਤ...ਜਿਹਨਾਂ ਨੂੰ ਦਾਨ ਦਾ ਅਸਲੀ ਮਤਲਬ ਨਹੀਂ ਪਤਾ ਗੁਰਬਾਣੀ ਕਿਉ ਰਚੀ ਗਈ ਇਹ ਨਹੀਂ ਪਤਾ ਸਿੱਖੀ ਸਿਧਾਂਤ ਕੀ ਨੇ ਗੁਰੂ ਨਾਨਕ ਦੇਵ ਜੀ ਦੀ ਸੋਚ ਕੀ ਸੀ ਵਿਚਾਰਧਾਰਾ ਕੀ ਸੀ ਮੂਲ ਮੰਤਰ ਦਾ ਮਤਲਬ ਕੀ ਹੈ ਅੱਜ ਕੱਲ ਗੁਰਬਾਣੀ ਦੇ ਪ੍ਰਚਾਰਕ ਹੀ ਬੋਲ ਰਹੇ ਨੇ ਇਨੇ ਪਾਠ ਕਰੋ ਚਮਤਕਾਰ ਹੋਵੇਗਾ... ਮੈਂ ਮੰਨਦੀ ਹਾਂ ਕਿ ਗੁਰੂ ਨਾਨਕ ਦੇਵ ਜੀ ਚਮਤਕਾਰ ਨੂੰ ਨਹੀਂ ਮੰਨਦੇ ਸੀ... ਸੱਚ ਤੇ ਪਹਿਰਾ ਦਿੰਦੇ ਸੀ ਫੇਰ ਅੱਜ ਦੇ ਸਿੱਖ ਚਮਤਕਾਰ ਕਿਵੇਂ ਮੰਨ ਸਕਦੇ ਨੇ...ਗੁਰੂ ਘਰਾਂ ਵਿੱਚ ਦੀਵੇ ਜਗਾ ਕੇ ਆਰਤੀ ਕਿਉ ਕੀਤੀ ਜਾਂਦੀ ਹੈ (ਜਿਸ ਨੂੰ ਗੁਰੂ ਜੀ ਨੇ ਮਨਾ ਕੀਤਾ ਸੀ...
ਗਗਨ ਮੈਂ ਥਾਲ ਸਿੱਖ ਧਰਮ ਵਿੱਚ ਇੱਕ ਆਰਤੀ ਹੈ ਜਿਸ ਦਾ ਜਾਪ ਪਹਿਲੇ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕੀਤਾ ਸੀ।[1] ਇਸਨੂੰ ਉਨ੍ਹਾਂ ਨੇ 1506[2] ਜਾਂ 1508[3][4] ਵਿੱਚ ਪੂਰਬ ਭਾਰਤ ਦੀ ਯਾਤਰਾ ("ਉਦਾਸੀ" ਕਿਹਾ ਜਾਂਦਾ ਹੈ) ਦੌਰਾਨ ਜਗਨਨਾਥ ਮੰਦਰ, ਪੁਰੀ ਵਿਖੇ ਸੁਣਾਇਆ ਗਿਆ ਸੀ। ਗੁਰੂ ਨਾਨਕ ਦੇਵ ਜੀ ਨੇ ਧਨਾਸਰੀ ਰਾਗ ਵਿੱਚ ਮੰਦਿਰਾਂ ਵਿੱਚ ਉਤਾਰੀ ਜਾਣ ਵਾਲੀ 'ਆਰਤੀ' ਦੇ ਸਮਾਨਾਂਤਰ ਇਸ ਆਰਤੀ ਦੀ ਰਚਨਾ ਕੀਤੀ ਸੀ। ਇਸ ਦੇ ਰਚਨਾ-ਸਥਾਨ ਅਤੇ ਰਚਨਾ-ਕਾਲ ਬਾਰੇ ਵਿਦਵਾਨ ਇੱਕ ਮੱਤ ਨਹੀਂ ਹਨ।[5] ਪੂਰਨ ਸਿੰਘ ਅਨੁਸਾਰ: ਕਾਂਸ਼ੀ ਵਿੱਚ ਬੜੇ ਬੜੇ ਪੜ੍ਹੇ ਲਿਖੇ ਪੰਡਿਤ ਥਾਲ ਵਿੱਚ ਦੀਵੇ ਬਾਲ ਇੱਕ ਪੱਥਰ ਦੇ ਕਰੂਪ ਬੁੱਤ ਅੱਗੇ ਆਰਤੀ ਕਰਦੇ ਆਪ (ਗੁਰੂ ਨਾਨਕ) ਨੇ ਦੇਖੇ, ਆਪ ਨੂੰ ਸਭ ਕੁਛ ਕੂੜ ਦਿੱਸਿਆ, ਆਪ ਨੇ "ਗਗਨ ਮੈ ਥਾਲ ਆਪਣੀ ਕਾਸਮਿਕ, ਅਨੇਕ ਅਕਾਸ਼ੀ, ਆਰਤੀ ਉੱਚਾਰਣ ਕੀਤੀ।"[6])
ਫਿਰ ਸਿੱਖ ਧਰਮ ਵਿੱਚ ਇਹ ਕਿਉ ਕੀਤਾ ਜਾ ਰਿਹਾ ਹੈ ਮੈ ਪਟਨਾ ਸਾਹਿਬ ਤੇ ਹਜ਼ੂਰ ਸਾਹਿਬ ਦੀ ਵੀਡੀਓ ਵੇਖੀ ਜਿਸ ਵਿਚ ਇਹ ਸਭ ਵੇਖਿਆ... ਜੋ ਪੰਥ ਦੇ

ਸਰਪ੍ਰਸਤ ਹੀ ਇਹ ਸਭ ਕਰ ਰਹੇ ਨੇ ਤਾਂ ਸਿੱਖੀ ਕਿਵੇਂ ਅਸਲੀ ਆਧਾਰ ਤੇ ਅੱਗੇ ਵਧੇਗੀ?

ਅਪਣੇ ਭੋਲੇ ਲੋਕ ਜੋ ਅੰਨੀ ਭਗਤੀ ਵਿਚ ਵਿਸ਼ਵਾਸ ਰੱਖਦੇ ਨੇ... ਸਿਰਫ ਮੰਤਰ ਵਾਂਗੂ ਗੁਰਬਾਣੀ ਪੜ੍ਹਨ ਨਾਲ ਜਾਂ ਸੁਣ ਕੇ ਮਨ ਸ਼ਾਂਤ ਹੋ ਸਕਦਾ ਹੈ ਪਰ ਅਸਲੀ ਸੱਚਾਈ ਜੋ ਅਪਣੇ ਗੁਰੂ ਸਾਹਿਬਾਨ ਦੀ ਸੋਚ ਸੀ ਉਥੇ ਤੱਕ ਸਿੱਖੀ ਇਵੇਂ ਨਹੀਂ ਪਹੁੰਚ ਸਕਦੀ...

ਜਦੋ ਤੱਕ ਇਨਸਾਨ ਇਨਸਾਨ ਦੀ ਕਦਰ ਨਹੀਂ ਕਰੇਗਾ ਊਚ ਨੀਚ.. ਭੇਦ ਭਾਵ... ਈਰਖਾ.. ਕਾਮ.. ਕਰੋਧ.. ਝੂਠ ਖਤਮ ਨਹੀਂ ਹੋਵੇਗਾ ਗੁਰਬਾਣੀ ਪੜਨ ਦਾ ਵੀ ਕੋਈ ਅਸਰ ਨਹੀਂ ਹੋਵੇਗਾ...

(ਇਹ ਮੇਰੀ ਸੋਚ ਜੇ ਕਿਸੇ ਨੂੰ ਬੁਰਾ ਲੱਗੇ ਤਾਂ ਮਾਫੀ)

ਪਰਦੇ ਦੇ ਵਿਚ ਨਾਮ ਖ਼ੁਦਾ ਦਾ ਲੈ ਕੇ
ਪਰਦਾ ਰੱਖ ਤਾਂ ਲਿਆ ਕਰ...
ਘੜੀ ਬਿੰਦ ਨਾਮ ਧਿਆ ਕੇ
ਦਸ ਜਣਿਆਂ ਨੂੰ ਦੱਸ ਨਾ ਦਿਆ ਕਰ ...
ਮੰਤਰ ਜਾਪ ਕੇ ਕੀ ਮਿਲ ਰਿਹਾ...
ਸਹੀ ਗ਼ਲਤ ਦੀ ਸਮਝ ਰੱਖ ਤੇ ਲਿਆ ਕਰ ...
ਝੂਠ ਨੂੰ ਦੇਵੇਂ ਹੱਲਾਸ਼ੇਰੀ
ਕਦੇ ਸੱਚ ਦਾ ਪੱਖ ਤਾਂ ਲਿਆ ਕਰ...
ਮੁਰਦਾ ਖਾਂਵੇ ਖ਼ੂਨ ਪੀਵੇਂ..
ਕਦੇ ਸੱਚ ਦਾ ਜਹਿਰ ਚੱਖ ਤਾਂ ਲਿਆ ਕਰ...
ਪਰਦੇ ਦੇ ਵਿਚ ਨਾਮ ਖ਼ੁਦਾ ਦਾ ਲੈ ਕੇ ਪਰਦਾ ਰੱਖ ਤਾਂ ਲਿਆ ਕਰ..

.................

7.ਫਰਕ

ਧਰਮ ਦੇ ਠੇਕੇਦਾਰਾਂ ਨੇ ਧਰਮ ਦੇ ਨਾਮ ਤੇ ਇਨਸਾਨਾਂ ਵਿਚ ਵੰਡੀ ਪਾ ਦਿੱਤੀ ਖੁਦ ਤਾਂ ਕੀ ਇਨਸਾਨ ਬਣਨਾ ਸੀ... ਸੋਚ ਉਲਝਾ ਦਿੱਤੀ... ਇਨਸਾਨੀਅਤ ਦੀ ਜਗ੍ਹਾ ਨਫਰਤ ਤੇ ਭੇਦ ਭਾਵ ਦਾ ਢੰਗ ਸਿੱਖਾ ਦਿੱਤਾ... ਗੁਰੂ ਸਾਹਿਬਾਨ ਦੀ ਸੋਚ... ਜਾਂ ਕਿਸੇ ਵੀ ਧਰਮ ਦੇ ਪੈਗੰਬਰ ਦੀ ਕੀ ਸੋਚ ਸੀ ਸਭ ਖਤਮ ਕਰ ਦਿੱਤਾ ਹਰ ਧਰਮ ਦੇ ਅਸੂਲ ਕੀ ਸੀ ਕੀ ਬਣਾ ਦਿਤੇ ਠੀਕ ਹੈ ਸਭ ਗ਼ਲਤ ਨਹੀਂ ਪਰ ਕੁਝ ਹੈ ਨੇ ਜੋ ਸਿਸਟਮ ਨੂੰ ਖਰਾਬ ਕਰ ਰਹੇ ਨੇ ਇਥੇ ਸਭ ਨੂੰ ਚਾਹੀਦਾ ਹੈ ਕਿ ਇਹੋ ਜਹੇ ਪਾਖੰਡੀ ਲੋਕਾਂ ਦੀ ਪਿੱਛੇ ਲੱਗਣ ਦੀ ਜਗ੍ਹਾ ਅਪਣੇ ਆਪ ਨੂੰ ਅਪਣੇ ਆਲੇ ਦੁਆਲੇ ਨੂੰ ਸੰਵਾਰਿਆ ਜਾਵੇ....

ਜਾਤਾਂ ਪਤਾ ਦੇ ਵਿਚ ਉਲਝ ਕੇ ਰਹਿ ਗਏ ਮੱਲ੍ਹਾ
ਕੋਈ ਬੋਲੇ ਵਾਹਿਗੁਰੂ.. ਕੋਈ ਰਾਮ ਕੋਈ ਅੱਲ੍ਹਾ ...
ਹਰ ਬੰਦੇ ਅੰਦਰ ਇਕੋ ਜੋਤ ਹੈ ਵੱਸਦੀ ..
ਰੂਪ ਅਨੇਕਾਂ ਹੈ ਅਸਲੋਂ ਇਕ ਹੈ...
ਨਾ ਕਿਸੇ ਦਾ ਰੱਬ ਹੈ ਇਕੱਲਾ ਇਕੱਲਾ ...
ਮਾਨਵਤਾ ਦਾ ਧਰਮ ਹੈ ਸਭ ਤੋਂ ਵੱਡਾ ...
ਵਖਰੇਵਿਆਂ ਵਿਚ ਉਲਝ ਕੇ ਰਹਿ ਗਿਆ
ਕਿਉ ਬੇਸਮਝ ਹੋ ਗਿਆ ਮੱਲ੍ਹਾ..
ਇਕੋ ਜੋਤ ਹੈ ਕੁਦਰਤ ਦੀ ਕਾਇਨਾਤ ਦੀ..
ਨਾ ਹਰ ਕਿਸੇ ਦਾ ਰਬ ਹੈ ਇਕੱਲਾ ਇਕੱਲਾ ...
ਇੱਕ ਹੀ ਹੈ ਸਭ ਦਾ ਵਾਹਿਗੁਰੂ ਸਭ ਦਾ ਰਾਮ ਸਭ ਦਾ ਅੱਲ੍ਹਾ..

.......................................................................

8.ਪਰਦੇਸ ਮਜਬੂਰੀ ਜਾਂ ਸ਼ੌਂਕ

ਸਭ ਦੀ ਅਪਣੀ ਅਪਣੀ ਸੋਚ ਕੀ ਪਰਦੇਸ ਆਉਣਾ ਅੱਜ ਕੱਲ ਸ਼ੌਂਕ ਹੈ ਜਾਂ ਮਜਬੂਰੀ ਸਭ ਦੇ ਵੱਖਰੇ ਵੱਖਰੇ ਹਾਲਾਤ ਨੇ ਹਰ ਬੰਦਾ ਸ਼ੌਂਕ ਨਾਲ ਅਪਣਾ ਪਰਿਵਾਰ ਨਹੀਂ ਛੱਡ ਕੇ ਹਜ਼ਾਰਾਂ ਕਿਲੋਮੀਟਰ ਦੂਰ ਨਹੀਂ ਜਾ ਸਕਦਾ.. ਆਪੋ ਆਪਣੀਆਂ ਮਜ਼ਬੂਰੀਆਂ ਹੀ ਦੂਰ ਕਰਦੀਆਂ ਨੇ ਜੇ ਕੋਈ ਸ਼ੌਂਕ ਨੂੰ ਜਾ ਵੀ ਰਿਹਾ ਤੇ ਮੈਂਨੂੰ ਲੱਗਦਾ 100 ਵਿਚੋਂ 10% ਲੋਕ ਹੀ ਹੋਣਗੇ ਜਿਥੋਂ ਤੱਕ ਮੇਰਾ ਤਜਰਬਾ ਬਾਕੀ ਪਤਾ ਨਹੀਂ... ਪਰ ਜੇ ਕੋਈ ਮਿਹਨਤ ਕਰਕੇ ਤਰੱਕੀ ਕਰਦਾ ਵੀ ਹੈ ਤੇ ਅਪਣੀ ਜ਼ਿੰਦਗੀ ਵਧੀਆ ਜਿਉਂ ਰਿਹਾ ਹੈ ਤਾਂ ਕੋਈ ਬੁਰੀ ਗੱਲ ਨਹੀਂ ਕਈ ਲੋਕ ਨੇ ਜੋ ਉਹਨਾਂ ਦੀ ਤਰੱਕੀ ਵੇਖ ਕੇ ਬੁਰਾ ਬੋਲਦੇ ਤੇ ਅਗਲੇ ਦੀ ਮਿਹਨਤ ਤੇ ਤਿਆਗ ਨਹੀਂ ਵੇਖਦੇ ਜੋ ਉਹਨਾਂ ਸਿਰਫ ਖੁਦ ਲਈ ਨਹੀਂ ਅਪਣੇ ਪਰਿਵਾਰ ਲਈ ਕੀਤਾ ਹੁੰਦਾ...

ਮਾਂ ਛੱਡ ਕੇ ਪਰਦੇਸ ਆਇਆ..
ਕੋਈ ਕਹਿੰਦਾ ਸ਼ੌਂਕ ਆ... ਸ਼ੌਂਕ ਨੀ ਨਹੀਂ ਮਜ਼ਬੂਰੀ ਸੀ .
ਕੀ ਕਰਦੇ ਦੱਸ...
ਪਿਓ ਦਾ ਕਰਜ਼ਾ... ਮਾਂ ਦੀ ਰੀਝ...
ਭੈਣ ਦੇ ਵਿਆਹ ਦੀ ਜ਼ਿੰਮੇਵਾਰੀ ਅਧੂਰੀ ਸੀ ...
ਕੱਚੇ ਘਰ ਸੀ ਪੱਕੇ ਕਰਨੇ...
ਪੰਜਾਬ ਤਾਂ ਪੜ ਲਿਖ ਵੀ ਕਰਨੀ ਸਿਰਫ ਮਜਦੂਰੀ ਸੀ...
ਕੋਈ ਕਹਿੰਦਾ ਸ਼ੌਂਕ ਆ... ਸ਼ੌਂਕ ਨੀ ਮਜ਼ਬੂਰੀ ਸੀ...
ਸੁਖਾਲਾ ਨੀ ਪਿਆ

ਮਾਂ ਪਿਉ ਛੱਡ ਕੇ ਪਰਦੇਸੀ ਹੋਣਾ..
ਭੈਣ ਭਰਾਵਾਂ ਦੇ ਵਿਆਹ ਵੀਡੀਓ ਕਾਲ ਤੇ ਵੇਖਣਾ
ਤੇ ਇੱਕਲੇ ਬੈਠ ਕੇ ਰੋਣਾ...
ਜਾ ਤਾਂ ਸਕਦੇ ਸੀ ...ਪਰ ਇੱਕਲੇ ਬਾਪੂ ਤੇ ਬੋਝ ਨੀ ਸੀ ਪਾ ਸਕਦੇ...
ਪੈਸੇ ਕਮਾਉਣ ਵਾਲੀ ਜ਼ਿੰਮੇਵਾਰੀ ਵੀ ਕਿਸੇ ਨੇ ਤਾਂ ਨਿਭਾਉਣੀ ਜ਼ਰੂਰੀ ਸੀ ..
ਸੌਖਾ ਨੀ ਪਿਆ... ਕੋਈ ਕਹਿੰਦਾ ਸ਼ੌਂਕ ਆ ..
ਗੱਡੀਆਂ ਲਈ ਨਹੀਂ ਜ਼ਿੰਮੇਵਾਰੀ ਕਰਕੇ ਮਾਂ ਤੋਂ ਦੂਰ ਹੋ ਏ
ਸ਼ੌਂਕ ਨਹੀਂ ਮਜ਼ਬੂਰੀ ਸੀ ..

ਹਾਂ ਮੰਨਦੇ ਹਾਂ.... ਮਿਹਨਤ ਕਰਦੇ ਹਾਂ ਪੈਸਾ ਵੀ ਕਮਾਉਂਦੇ ਹਾਂ
ਹਰ ਦੁੱਖ ਤਕਲੀਫ਼ ਇੱਕਲੇ ਸਹਿ ਗਏ.....
ਜੇ ਹੁਣ ਆਪ ਐਸ਼ ਜੋਗੇ ਹੋਏ ਆ ਤਾਂ ਨਾਲ ਮਾਂ ਪਿਉ ਨੂੰ ਵੀ ਕਰਵਾਉਂਦੇ ਹਾਂ...
ਉਹ ਇੰਡੀਆ ਇੱਕਲੇ ਨੀ ਛੱਡੇ...
ਨਾਲ ਹੀ ਵਲੈਤੀ ਘੁਮਾਉਂਦੇ ਹਾਂ.....

...............................................................................

9.ਪੁੱਤ ਦੀ ਵੰਡ

ਕਿਉ ਕਈ ਮਾਂ ਇਹ ਸੋਚਦੀ ਹੈ ਕਿ ਪੁੱਤ ਦਾ ਵਿਆਹ ਕਰਨ ਤੋਂ ਬਾਅਦ ਉਸਦਾ ਪੁੱਤ ਉਸਦਾ ਨਹੀਂ ਰਹਿੰਦਾ.. ਉਹ ਅਪਣੀ ਪਤਨੀ ਦਾ ਜਿਆਦਾ ਖਿਆਲ ਰੱਖਦਾ ਹੈ ਜਾਂ ਮਾਂ ਨੂੰ ਭੁੱਲ ਜਾਂਦਾ ਹੈ ਜਿਸ ਕਾਰਨ ਉਹ ਅਪਣੀ ਨੂੰਹ ਨਾਲ ਨਫਰਤ ਕਰਨ ਲੱਗਦੀ ਹੈ ਤੇ ਕਈ ਵਾਰ ਨੂੰਹ ਤੇ ਪੁੱਤ ਵਿਚ ਲੜਾਈ ਪਵਾਉਣ ਦੀ ਕੋਸ਼ਿਸ ਕਰਦੀ ਹੈ ਪਰ ਇਕ ਔਰਤ ਹੋਣ ਦੇ ਨਾਤੇ ਇਹ ਨਹੀਂ ਸੋਚਦੀ ਕਿ ਪੁੱਤ ਉਸਦਾ

ਸਦਾ ਰਹੇਗਾ ਪਰ ਜੋ ਰਿਸ਼ਤਾ ਉਸ ਨਾਲ ਉਮਰ ਭਰ ਲਈ ਜੁੜਿਆ ਹੈ ਉਹ ਵੀ ਉਸਦੀ ਜਿੰਮੇਵਾਰੀ ਹੈ ਜੋ ਹਰ ਹਾਲ ਉਸ ਨੇ ਨਿਭਾਉਣੀ ਹੈ.. ਨੂੰਹ ਜੋ ਅਪਣਾ ਘਰ ਪਰਿਵਾਰ ਛੱਡ ਕੇ ਇਕ ਨਵੀਂ ਜਗ੍ਹਾ ਆਈ ਹੈ ਉਸ ਨੂੰ ਵੀ ਪਿਆਰ ਸਤਿਕਾਰ ਅਪਣੇਪਣ ਦੀ ਜ਼ਰੂਰਤ ਹੈ ਜਦੋ ਨਵੇਂ ਪਰਿਵਾਰ ਵਿਚ ਪਿਆਰ ਅਪਣੇਪਣ ਦੀ ਜਗ੍ਹਾ ਈਰਖਾ ਤੇ ਨਫ਼ਰਤ ਮਿਲਦੀ ਹੈ ਤੇ ਉਹ ਇਹ ਉਸ ਲਈ ਵੀ ਸੁਖਾਲਾ ਨਹੀਂ ਹੁੰਦਾ..ਪਰ ਇਹ ਸਭ ਕਦੋਂ ਤੱਕ ਚੱਲੇਗਾ ਕਿਵੇਂ ਸਮਾਜ ਦੀ ਸੋਚ ਬਦਲੇਗੀ...ਕਦ ਨੂੰਹ ਨੂੰ ਘਰ ਵਿਚ ਧੀ ਦਾ ਦਰਜਾ ਮਿਲੇਗਾ...

ਕਿਉ ਇਕ ਔਰਤ ਦੂਜੀ ਔਰਤ ਦੇ ਅਹਿਸਾਸ ਸਮਝੇਗੀ..

ਪੁਰਾਣੇ ਲੋਕ ਸ਼ਾਇਦ ਹੁਣ ਨਾਲੋ ਵਧੀਆ ਸੀ ਚਾਹੇ ਅਨਪੜ੍ਹ ਸੀ ਪਰ ਪ੍ਰਵਾਹ ਕਰਦੇ ਸੀ... ਹੁਣ ਦੀ ਨਵੀਂ ਪੀੜ੍ਹੀ ਦੀ ਸੋਚ ਸਗੋ ਹੋਰ ਵੀ ਚੰਗੀ ਤਾਂ ਕੀ ਹੋਣੀ ਸੀ ਸਗੋ ਹੋਰ ਵੀ ਜਿਆਦਾ ਵਿਗੜ ਚੁੱਕੀ ਹੈ ਲਾਲਚ... ਈਰਖਾ...ਫੈਸ਼ਨ ਨੇ ਸਭ ਬਰਾਬਾਦ ਕਰ ਦਿੱਤਾ ਹੈ...

ਉਮੀਦ ਕਰਦੀ ਹਾਂ ਕਿ ਸਭ ਦੀ ਸੋਚ ਚੰਗੀ ਹੋਵੇ ਧੀਆਂ ਨੂੰ ਸੋਹਰੇ ਪੇਕੇ ਪਰਿਵਾਰ ਵਾਲਾ ਹੀ ਪਿਆਰ ਅਪਣਾਪਨ ਮਿਲੇ ਕੋਈ ਧੀ ਦੁਖੀ ਨਾ ਹੋਵੇ....

ਰੁੱਤਾਂ ਬਦਲ ਜਾਂਦੀਆਂ ਜਿਵੇਂ
ਉਵੇਂ ਕਿਰਦਾਰ ਬਦਲ ਜਾਂਦੇ ਨੇ
ਕੁੜੀ ਦੇ ਵਿਆਹ ਤੋਂ ਬਾਅਦ ਹੱਕਦਾਰ ਬਦਲ ਜਾਂਦੇ ਨੇ
ਮੁੰਡੇ ਦੇ ਵਿਆਹ ਤੋਂ ਬਾਅਦ ਮਾਂ ਸੋਚਦੀ ਹੈ
ਕਿ ਮੇਰਾ ਪੁੱਤ ਵੰਡਿਆ ਗਿਆ
ਪਰ ਨੂੰਹ ਵਾਰੇ ਸੋਚੋ
ਜਿਸ ਦੇ ਵਿਆਹ ਤੋਂ ਬਾਅਦ ਪਰਿਵਾਰ ਬਦਲ ਜਾਂਦੇ ਨੇ
ਕੁਝ ਨਹੀਂ ਬਦਲਿਆ ਅੱਜ ਤੱਕ ਉਹੀ ਅੱਤਿਆਚਾਰ

ਮੈ ਸੋਚਦੀ ਸੀ
ਨਵੀਂ ਪੀੜ੍ਹੀ ਦੇ ਸ਼ਾਇਦ ਵਿਚਾਰ ਬਦਲ ਜਾਂਦੇ ਨੇ

...............................................................................

10.ਫੇਰ ਵੀ ਉਮੀਦ ਮਤ ਛੋਡੋ .... ਅੱਛੇ ਦਿਨ ਆਏਂਗੇ !

(ਕੋਸ਼ਿਸ ਖੁਦ ਕਰੋ ਕਿਸੇ ਤੋਂ ਆਸ ਨਾ ਰੱਖੋ ਜ਼ਰੂਰ ਦਿਨ ਬਦਲਣਗੇ..ਸਭ ਕੁਝ ਵਿਕਦਾ ਹੈ ਜੋ ਮਰਜ਼ੀ ਖਰੀਦ ਲਓ ਝੂਠ ਨੂੰ ਸੱਚ... ਸੱਚ ਨੂੰ ਝੂਠ ਬਣਾ ਦਿਉ... ਕਾਤਲ ਬੇਕਸੂਰ ਛੁੱਟ ਜਾਂਦੇ ਨੇ.. ਬੇਕਸੂਰ ਨੂੰ ਸਜ਼ਾ ਮਿਲ ਜਾਂਦੀ ਹੈ... ਗਰੀਬਾਂ ਦੀ ਕੋਈ ਨਹੀਂ ਸੁਣਦਾ... ਕਿਸੇ ਹੱਦ ਤਕ ਸਭ ਹੀ ਕਸੂਰਵਾਰ ਨੇ ਇਸ ਸਭ ਦੇ.. ਹੁਣ ਭਗਵੰਤ ਮਾਨ ਦੀ ਸਰਕਾਰ ਹੈ ਅਪਣੀ ਹੱਦ ਤੱਕ ਸਭ ਕੋਸ਼ਿਸ਼ ਹੋ ਰਹੀ ਹੈ ਕਿ ਭ੍ਰਿਸਟਾਚਾਰ ਖਤਮ ਹੋ ਜਾਵੇ ਪਰ ਅਪਣੇ ਲੋਕ ਜੋ ਪੈਸੇ ਦੇ ਸਿਰ ਤੇ ਅਜੇ ਵੀ ਰਿਸ਼ਵਤਖੋਰੀ ਨੂੰ ਬੜ੍ਹਾਵਾ ਦੇ ਰਹੇ ਨੇ ਸਰਕਾਰ ਇਕੱਲੀ ਕੀ ਕਰੇਗੀ ਜੇ ਕੁਝ ਸਰਕਾਰੀ ਪੱਖੋ ਗ਼ਲਤ ਹੋਵੇ ਤਾਂ ਲੋਕ ਮਿੰਟ ਨੀ ਲਾਉਂਦੇ ਖਿਲਾਫ ਬੋਲਣ ਨੂੰ ਪਰ ਆਪ ਵੀ ਸਮਝਣਾ ਚਾਹੀਦਾ ਹੈ ਸਹੀ ਤੇ ਗਲਤ ਦਾ ਫਰਕ ਜੇ ਸਰਕਾਰ ਚੰਗੇ ਕੰਮ ਕਰਦੀ ਹੈ ਤਾਂ ਕਰਨ ਦਿਉ ਤੇ ਸਾਥ ਦਿਉ ਜੇ ਕੋਈ ਬੁਰਾ ਕਰ ਰਿਹਾ ਹੈ ਤਾਂ ਵਿਰੋਧ ਕਰੋ ਸੱਚ ਨੂੰ ਚੁਣੋ... ਝੂਠੇ ਮੀਡਿਆ ਦਾ ਬਾਈਕਾਟ ਕਰੋ... ਰਿਸ਼ਵਤ ਤਿਆਗ ਦਿਉ ਜੇ ਰਿਸ਼ਵਤ ਦੇਣੀ ਛੱਡਾਂਗੇ ਤਾਂ ਹੀ ਖਤਮ ਹੋਵੇਗੀ...ਸੱਚ.. ਸਬਰ.. ਸੰਤੋਖ਼ ਦਾ ਪੱਲਾ ਫੜੋ ਬਾਕੀ ਸਭ ਬੁਰੇ ਕੰਮ ਤਿਆਗ ਦਿਉ... ਫੇਰ ਅੱਛੇ ਦਿਨ ਜ਼ਰੂਰ ਆਉਣਗੇ.. )

ਕਾਲੀ ਕਲਮ.. ਕਾਲੇ ਪੰਨੇ... ਕਾਲੀਆਂ ਲਿਖਤਾਂ
ਦਿਲ ਦੇ ਕਾਲੇ ਪੱਤਰਕਾਰ
ਮੁੱਲ ਦੇ ਜਜ਼ਬੇ ... ਮੁੱਲ ਹੀ ਵਿਕਦੇ...

ਖਰੀਦ ਲੈਂਦੀ ਸਰਕਾਰ .....

ਦੇਸ਼ ਦੇ ਦੁਸ਼ਮਣ ... ਆਜ਼ਾਦ ਘੁੰਮਦੇ ....

ਆਜ਼ਾਦ ਹੀ ਕਰਦੇ ... ਸ਼ਰੇਆਮ ਅਤਿਆਚਾਰ...

ਜੇਲ੍ਹਾਂ ਦੇ ਵਿੱਚ ਕੈਦ ਹੋ ਗਏ...

ਅਸਲ ਆਜ਼ਾਦੀ ਦੇ ਹੱਕਦਾਰ..

ਨਾ ਉਮਰਕੈਦ , ਨਾ ਫਾਂਸੀ ਮਿਲਦੀ ਨਾ ਹੀ ਆਜ਼ਾਦੀ..

ਦੇਸ ਨੂੰ ਅੱਜ ਤਕ ਕੁਝ ਨਹੀਂ ਮਿਲਿਆ

ਮਿਲੀ ਸਿਰਫ ਬਰਬਾਦੀ...

ਦੇਸ਼ ਦੀ ਜਨਤਾ .... ਜਨਤਾ ਦੇ ਨੇਤਾ..

ਨੇਤਾ ਹੀ ਵੇਚਦੇ ... ਦੇਸ਼ ਦੀ ਜਨਤਾ...

ਇਸ ਤੋਂ ਵੱਧ ਹੋਰ ਕੀ ਹੋਣਾ...

ਨਾ ਕੁਝ ਪਾਉਣਾ... ਨਾ ਹੀ ਖੋਣਾ..

ਸਿਰਫ ਰੋਣਾ ਧੋਣਾ...

ਭੁੱਲ ਕੇ ਵੀ ਇਹ ਨਾ ਸੋਚੀਂ..

ਕਦੇ ਇੰਡੀਆ ਵੀ ਕੈਨੇਡਾ ਵਰਗਾ ਹੋਣਾ ..

ਫੇਰ ਵੀ ਉਮੀਦ ਮਤ ਛੋਡੋ .... ਅੱਛੇ ਦਿਨ ਆਏਂਗੇ !

## 11. ਰੱਬ (ਰੱਬ ਬਚਾਅ ਲਉ)

ਇਹ ਲਿਖਦੇ ਹੋਏ ਬੜਾ ਮਨ ਦੁਖੀ ਹੋਇਆ... ਕਹਿੰਦੇ ਨੇ ਕਣ ਕਣ ਵਿੱਚ ਰੱਬ ਵਸਦਾ ਹੈ... ਫੇਰ ਕਿਤੇ ਤਾਂ ਪੱਥਰ ਵਿਚ ਵੀ ਰੱਬ ਦੀ ਪੂਜਾ ਹੁੰਦੀ ਹੈ ਦੁੱਧ ਚੜਦਾ ਹੈ ਹੋਰ ਵੀ ਤਰਾਂ ਤਰਾਂ ਦੇ ਚੜਾਵੇ ਹਰ ਧਰਮ ਵਿੱਚ ਲੋਕ ਚਿੜਾਉਂਦੇ ਹਨ.. ਪਰ

ਕੀ ਇਹ ਸਹੀ ਹੈ.. ਸਭ ਦੀ ਅਪਣੀ ਅਪਣੀ ਸੋਚ ਹੈ... ਪਰ ਜੇ ਇਹ ਸਭ ਕਰਨ ਦੀ ਜਗ੍ਹਾ ਕਿਸੇ ਗਰੀਬ ਦਾ ਘਰ ਬਣਾ ਦਿੱਤਾ ਜਾਵੇ ਕਿਸੇ ਦੀ ਬੀਮਾਰੀ ਦਾ ਇਲਾਜ ਕੀਤਾ ਜਾਵੇ... ਕਿਸੇ ਲੋੜਵੰਦ ਦੀ ਮਦਦ ਕਰ ਦਿੱਤੀ ਜਾਵੇ ਚੰਗਾ ਹੋਵੇ.. ਕਿਸੇ ਵੀ ਧਰਮ ਅਸਥਾਨ ਤੇ ਲੱਖਾਂ ਕਰੋੜਾ ਦਾ ਚੜ੍ਹਾਵਾ ਕਿਸੇ ਕੰਮ ਨਹੀਂ ਆਉਣਾ ਪੁਜਾਰੀਆ ਦੇ ਖਾਤੇ ਭਰਨ ਤੋਂ ਬਿਨਾਂ.... ਜੇ ਸੱਚੀ ਹਰ ਸ਼ੈ ਵਿਚ ਰੱਬ ਦੀ ਮੌਜੂਦਗੀ ਸਮਝਦੇ ਹੋ ਤਾਂ ਖੁਦ ਦੀ ਸੋਚ ਬਦਲੋ... ਧੀਆਂ ਦੀ ਇੱਜ਼ਤ ਕਰੋ ਪੇਕੇ ਵੀ ਸੋਹਰੇ ਵੀ...ਹਰ ਵਰਗ ਦਾ ਸੋਚੋ... ਇਨਸਾਨ ਹੋਕੇ ਇਨਸਾਨ ਦੀ ਕਦਰ ਕਰੋ... ਈਰਖਾ ਤੋ ਬਚੋ... ਵਿਰੋਧ ਤਿਆਗ ਦੋ... ਸਬਰ ਸੰਤੋਖ ਵਿਚ ਵਿਸ਼ਵਾਸ ਰੱਖੋ... ਕਾਮ ਨੂੰ ਕਾਬੂ ਕਰੋ... ਅਪਣੇ ਧਰਮ ਗ੍ਰੰਥ ਦੀ ਕਦਰ ਕਰੋ ਸਮਝੋ ਕੀ ਕੁਝ ਸਮਝਾਉਣ ਦੀ ਕੋਸ਼ਿਸ਼ ਕੀਤੀ ਗਈ ਹੈ ਧਰਮ ਦੇ ਰਾਹ ਤੇ ਚੱਲੋ ਪੁਜਾਰੀਆ ਦੇ ਰਾਹ ਤੇ ਨਹੀਂ ਖੁਦ ਸਮਝੋ ਤੇ ਅਮਲ ਕਰੋ... ਚੰਗੀ ਸੋਚ ਰੱਖੋ... ਸਮਾਜ ਵਿਚ ਫੈਲ ਰਹੀ ਗੰਦਗੀ ਨੂੰ ਸਾਫ ਰੱਖੋ... ਅਪਣੇ ਬੱਚੇ ਦੀ ਚੰਗੀ ਪਰਵਰਿਸ਼ ਕਰੋ... ਚੰਗੇ ਅਸੂਲ ਬਣਾਓ.. ਸਮਾਜ ਸੁਧਾਰ ਅਪਣੇ ਹੱਥ ਹੈ ਹਰ ਇੱਕ ਇਨਸਾਨ ਅਪਣੇ ਘਰ ਤੋਂ ਸ਼ੁਰੂ ਕਰੇ... ਕਣ ਕਣ ਵਿਚ ਰੱਬ ਦੀ ਮੌਜੂਦਗੀ ਸਮਝੋ ਤਾਂ ਰੱਬ ਬਚ ਜਾਵੇਗਾ.....

ਜੇ ਰੱਬ ਵਸਦਾ ਹਰ ਇੱਕ ਅੰਦਰ...
ਤਾਂ ਰੱਬ ਵਗਦਾ ਸੀਤਲ ਹਵਾ ਦੇ ਵਾਂਗਰ...
ਜਾਂ ਰੱਬ ਹੁੰਦਾ ਸ਼ਾਂਤ ਸਮੁੰਦਰ ਵਾਂਗਰ....
ਜਾਂ ਰੱਬ ਚਿਹਕਦਾ ਚਿੜੀਆ ਵਾਂਗਰ..
ਜਾਂ ਮਹਿਕਦਾ ਫੁੱਲਾਂ ਵਾਂਗਰ....
ਜਾਂ ਰੱਬ ਹੁੰਦਾ ਇਕ ਨਿਰਸਵਾਰਥ ਰਿਸ਼ਤੇ ਵਾਂਗਰ....
ਜਾਂ ਰੱਬ ਹੁੰਦਾ ਪਵਿੱਤਰ ਮੁਹੱਬਤ ਵਾਂਗਰ.......

ਜੇ ਰੱਬ ਸੱਚੀਂ ਵਸਦਾ ਹਰ ਇੱਕ ਲਈ ਸ਼ੈਅ ਦੇ ਅੰਦਰ....

ਤਾਂ.....

ਮੈਂ ਰੱਬ ਵੇਖਿਆ ਝਾੜੀਆਂ ਪਿੱਛੇ...ਜਲੀਲ ਹੁੰਦਾ ਹੋਇਆ..

ਮੈ ਰੱਬ ਵੇਖਿਆ ਕੂੜੇ ਦੇ ਢੇਰ ਵਿਚ ਕਪੜੇ ਵਿਚ ਲਪੇਟਿਆ ਹੋਇਆ...

ਮੈਂ ਰੱਬ ਵੇਖਿਆ ਸੜਕਾਂ ਤੇ ਰੁਲਦਾ...

ਮੈ ਰੱਬ ਵੇਖਿਆ ਅੱਗ ਵਿਚ ਸੜ ਦਾ...

ਮੈਂ ਰੱਬ ਵੇਖਿਆ ਫਾਹੇ ਚੜਦਾ...

ਮੈਂ ਰੱਬ ਵੇਖਿਆ ਭੁੱਖ ਨਾਲ ਲੜਦਾ...

ਮੈ ਰੱਬ ਵੇਖਿਆ ਖੁਦ ਦੇ ਅੰਦਰ ਤੜਫਦਾ....

ਖੁਦ ਨਾਲ ਝਗੜਦਾ....

ਮੈ ਰੱਬ ਵੇਖਿਆ ਮੰਦਰ ਮਸੀਤ ਤੇ ਗੁਰਦੁਆਰੇ ਲਈ ਲੜਦਾ....

ਮੈ ਰੱਬ ਵੇਖਿਆ ਗਰੀਬ ਨਾਲ ਵਿਤਕਰਾ ਕਰਦਾ...

ਮੈ ਰੱਬ ਵੇਖਿਆ ਸੱਚ ਨਾਲ ਲੜਦਾ..

ਮੈਂ ਰੱਬ ਵੇਖਿਆ ਝੂਠ ਤੋ ਮਰਦਾ...

ਮੈਂ ਰੱਬ ਵੇਖਿਆ ਸੋਹਰਤ ਲਈ ਵਿਕਦਾ...

ਮੈਂ ਰੱਬ ਵੇਖਿਆ ਜਮੀਰ ਵੇਚਦਾ ਇੱਜ਼ਤ ਵੇਚਦਾ ਰਿਸ਼ਤੇ ਵੇਚਦਾ ....

ਮੈਂ ਰੱਬ ਵੇਖਿਆ..... ਜੇ ਰੱਬ ਹੈ ਹਰ ਸ਼ੈ ਦੇ ਅੰਦਰ...

ਫੇਰ ਹਾਂ ਮੈਂ ਰੱਬ ਵੇਖਿਆ.... ਟੁੱਟਦਾ...ਜਲੀਲ ਹੁੰਦਾ ਤੇ ਮਰਦਾ...

ਅਫਸੋਸ..........................................................

12.ਖਾਲਿਸਤਾਨ

ਪੰਜਾਬ ਵਿਚ ਕੁਝ ਵੀ ਹੋਵੇ ... ਖਾਲਿਸਤਾਨ ਜ਼ਿੰਦਾਬਾਦ ਦੇ ਨਾਅਰੇ ਆਮ ਲੱਗਦੇ ਹਨ.. ਪਰ

ਸਭ ਤੋਂ ਪਹਿਲਾ ਤੇ ਅਹਿਮ ਸਵਾਲ ਕੀ ਮਹਾਰਾਜਾ ਰਣਜੀਤ ਸਿੰਘ ਵਰਗਾ ਰਾਜ ਹੋਏਗਾ?

1.ਕੀ ਸਿਰਫ ਖਾਲਿਸਤਾਨ ਹੀ ਪੰਜਾਬ ਵਿਚ ਹੋ ਰਹੇ ਮਸਲਿਆਂ ਦਾ ਇਕੋ ਇਕ ਹੱਲ ਹੈ..

ਸੋਚਣ ਵਾਲੀ ਗੱਲ ਜੇ ਖਾਲਿਸਤਾਨ ਬਣ ਵੀ ਗਿਆ ਤੇ

2 .ਕੀ ਪੰਜਾਬ ਦੇ ਲੋਕਾਂ ਦੀ ਸੋਚ ਬਦਲ ਜਾਵੇਗੀ?

3.ਖਾਲਿਸਤਾਨ ਦੀ ਸਰਕਾਰ ਕੌਣ ਚਲਾਏਗਾ?

4. ਕੌਣ ਆਗੂ ਹੋਣਗੇ?

5.ਕੀ ਪੰਜਾਬ ਲਈ ਫ਼ੈਸਲੇ ਅਕਾਲ ਤਖਤ ਸਾਹਿਬ ਤੋਂ ਲਏ ਜਾਣਗੇ?

6. ਜੇ ਪੰਜਾਬ ਦੇ ਲੀਡਰ ਪੰਜਾਬ ਦੇ ਹੀ ਹੋਣਗੇ?

7. ਜੇ ਲੀਡਰ ਪੰਜਾਬ ਦੇ ਹੋਣਗੇ ਤਾਂ ਉਹ ਤਾਂ ਹੁਣ ਵੀ ਨੇ ਕੀ ਭਲਾ ਹੋਇਆ ਪੰਜਾਬ ਦਾ?

8.ਕੀ ਰਿਸ਼ਵਤਖੋਰੀ ਬੰਦ ਹੋ ਜਾਵੇਗੀ?

9. ਕਿਸਾਨਾਂ ਨੂੰ ਕੀ ਸੁਵਿਧਾ ਮਿਲੇਗੀ?

10. ਧੀਆਂ ਸੁਰੱਖਿਅਤ ਹੋਣਗੀਆਂ?

11.ਮੁੰਡੇ ਨਸ਼ਾ ਨਹੀਂ ਕਰਨਗੇ?

12.ਬਜ਼ੁਰਗ ਆਸ਼ਰਮ ਦੀ ਜਗ੍ਹਾ ਅਪਣੇ ਘਰ ਹੀ ਰਹਿਣਗੇ?

13. ਕੋਈ ਗਰੀਬ ਨਹੀਂ ਹੋਏਗਾ?

14.ਪੰਜਾਬ ਦੇ ਹਰ ਘਰ ਵਿਚ ਹਰ ਸੁਵਿਧਾ ਹੋਏਗੀ?

15.ਪੰਜਾਬੀ ਨੌਜਵਾਨ ਪੰਜਾਬ ਵਿਚ ਹੀ ਨੌਕਰੀ ਕਰਨਗੇ?

16. ਕੋਈ ਬੇਰੁਜਗਾਰ ਨਹੀਂ ਹੋਏਗਾ?

ਜੇ ਮੇਰੇ ਇਨੇ ਕ ਹੀ ਸਵਾਲਾਂ ਦੇ ਜਵਾਬ ਕੋਈ ਦੇ ਦੇਵੇ ਤਾਂ ਉਸ ਤੋ ਇਕ ਆਖਰੀ ਸਵਾਲ...

ਹੁਣ ਕਿਉ ਨਹੀ ਇਹ ਸਭ ਪੰਜਾਬ ਵਿਚ?

17. ਕਿਸੇ ਦੂਜੇ ਧਰਮ ਨਾਲ ਵਿਤਕਰਾ ਨਹੀਂ ਹੋਵੇਗਾ....

18..ਕੀ ਪੰਜਾਬ ਦਾ ਵੱਖਰਾ ਪਾਸਪੋਰਟ ਹੋਵੇਗਾ?

19.ਕੀ ਜਿਵੇਂ ਹੁਣ ਨਨਕਾਣਾ ਸਾਹਿਬ ਜਾਣ ਲਈ ਤਰਸ ਰਹੇ ਹਾਂ... ਪੰਜਾਬ ਤੋਂ ਬਾਹਰ ਜਾਣ ਲਈ ਵੀ ਅਰਦਾਸ ਕਰਨੀ ਪਵੇਗੀ?

ਸੋਚੋ ਖਾਲਿਸਤਾਨ ਦੀ ਸੋਚ ਰੱਖਣ ਵਾਲਿਓ.... ਸੋਚੋ...

ਜੇ ਪੰਜਾਬ ਦੇ ਹਾਲਾਤ ਚੰਗੇ ਹੋ ਜਾਣ ਤਾਂ ਖਾਲਿਸਤਾਨ ਦੀ ਜ਼ਰੂਰਤ ਨਹੀਂ.... ਸੁਧਾਰ ਅਪਣੇ ਹੱਥ ਹੈ.... ਵੰਡੀ ਹੱਲ ਨਹੀਂ... ਪਾਕਿਸਤਾਨ ਬਣਿਆ ਕੀ ਕੁਝ ਹੋਇਆ... ਕੀ ਇਹ ਦੁਵਾਰਾ ਉਹ ਸਭ ਦੁਹਰਾਇਆ ਜਾਵੇਗਾ...?

.....................

ਅਪਣੇ ਸੁਝਾਅ ਜ਼ਰੂਰ ਦੇਣਾ gurk3090@gmail.com

ਪੰਜਾਬੀ ਲਾਇਬ੍ਰੇਰੀ
PUNJABI LIBRARY
www.PunjabiLibrary.com